*Journal of Punjabi Insights (JPI)* *Vol. 2 Issue II* *(April to june 2026)*
*Website: www. punjabiinsights.in ISSN: 31074286 (online)* **Pages 7-14**

# ਜਿੰਦਰ ਦੀ ਕਹਾਣੀ ਸੇਫਟੀ ਕਿੱਟ : ਡਰ, ਅਸੁਰੱਖਿਆ ਅਤੇ ਮਨੁੱਖੀ ਸੰਵੇਦਨਾ ਦਾ ਅਧਿਐਨ

**ਡਾ. ਲਤਾ ਖੇੜਾ**
ਸਹਾਇਕ ਪ੍ਰੋਫ਼ੈਸਰ
ਕੁਰੂਕਸ਼ੇਤਰ, ਯੂਨੀਵਰਸਿਟੀ, ਕੁਰੂਕਸ਼ੇਤਰ
Email-id lata_khera@yahoo.com

**ਅਬਸਟ੍ਰੈਕਟ** :- ਸਮਕਾਲੀ ਪੰਜਾਬੀ ਕਹਾਣੀ ਜਗਤ ਵਿੱਚ ਕਹਾਣੀਕਾਰ ਜਿੰਦਰ ਦਾ ਵਿਸ਼ੇਸ਼ ਸਥਾਨ ਹੈ। ਉਸ ਦੀ ਕਹਾਣੀ-ਕਲਾ ਸਮਕਾਲੀ ਸਮਾਜ ਦੇ ਬਦਲਦੇ ਸਰੋਕਾਰਾਂ, ਮਨੁੱਖੀ ਜੀਵਨ ਦੀਆਂ ਜਟਿਲਤਾਵਾਂ ਅਤੇ ਸਮਾਜਿਕ ਵਿਸੰਗਤੀਆਂ ਨੂੰ ਯਥਾਰਥਵਾਦੀ ਅਤੇ ਸੰਵੇਦਨਸ਼ੀਲ ਦ੍ਰਿਸ਼ਟੀ ਨਾਲ ਪੇਸ਼ ਕਰਦੀ ਹੈ। ਜਿੰਦਰ ਦੀਆਂ ਕਹਾਣੀਆਂ ਵਿੱਚ ਆਮ ਮਨੁੱਖ ਦੀਆਂ ਮਾਨਸਿਕ, ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਦੇ ਨਾਲ-ਨਾਲ ਔਰਤ ਦੀ ਹੋਂਦ, ਨਾਰੀ-ਚੇਤਨਾ, ਲਿੰਗਕ ਸ਼ੋਸ਼ਣ, ਪਰਵਾਸੀ ਜੀਵਨ, ਇਕੱਲਾਪਣ, ਬਦਲਦੇ ਰਿਸ਼ਤਾ-ਨਾਤਾ ਪ੍ਰਬੰਧ ਅਤੇ ਮਨੁੱਖੀ ਸੰਵੇਦਨਾ ਜਿਹੇ ਸਰੋਕਾਰ ਪ੍ਰਮੁੱਖ ਰੂਪ ਵਿੱਚ ਉੱਭਰਦੇ ਹਨ। ਉਹ ਔਰਤ ਨੂੰ ਕੇਵਲ ਪੀੜਤ ਜਾਂ ਹਾਸ਼ੀਏ ’ਤੇ ਧੱਕੀ ਹੋਈ ਹੋਂਦ ਵਜੋਂ ਪੇਸ਼ ਨਹੀਂ ਕਰਦਾ ਬਲਕਿ ਉਸ ਦੀ ਚੇਤਨਾ, ਆਤਮ-ਵਿਸ਼ਵਾਸ ਅਤੇ ਆਪਣੇ ਜੀਵਨ ਪ੍ਰਤੀ ਫ਼ੈਸਲਾ ਲੈਣ ਦੀ ਸਮਰੱਥਾ ਨੂੰ ਵੀ ਰੇਖਾਂਕਿਤ ਕਰਦਾ ਹੈ। ਵਿਸ਼ੇਸ਼ ਤੌਰ ’ਤੇ ‘ਸੇਫ਼ਟੀ ਕਿੱਟ’ ਜਿਹੀ ਕਹਾਣੀ ਰਾਹੀਂ ਲੇਖਕ ਪ੍ਰਵਾਸੀ ਜੀਵਨ ਵਿੱਚ ਔਰਤ ਦੀ ਅਸੁਰੱਖਿਆ, ਲਿੰਗਕ ਹਿੰਸਾ ਦੇ ਡਰ ਅਤੇ ਉਸ ਤੋਂ ਉੱਭਰਨ ਲਈ ਲੋੜੀਂਦੀ ਮਾਨਸਿਕ ਚੇਤਨਾ ਨੂੰ ਪ੍ਰਗਟਾਉਂਦਾ ਹੈ। ਉਸ ਦੇ ਪਾਤਰ ਬਦਲਦੇ ਸਮਾਜਕ ਹਾਲਾਤਾਂ ਨਾਲ ਸੰਘਰਸ਼ ਕਰਦਿਆਂ ਆਪਣੀ ਹੋਂਦ ਅਤੇ ਪਛਾਣ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਹਾਣੀਕਾਰ ਦੀ ਭਾਸ਼ਾ ਸਹਿਜ, ਸੰਵਾਦਮਈ ਅਤੇ ਪਾਤਰਾਂ ਦੇ ਸਮਾਜਿਕ-ਮਾਨਸਿਕ ਪਿਛੋਕੜ ਦੇ ਅਨੁਕੂਲ ਹੈ। ਜਿੰਦਰ ਦੀ ਕਹਾਣੀ-ਰਚਨਾ ਸਮਕਾਲੀ ਪੰਜਾਬੀ ਸਮਾਜ ਦੀਆਂ ਬਦਲਦੀਆਂ ਹਕੀਕਤਾਂ ਅਤੇ ਮਨੁੱਖੀ ਜੀਵਨ ਦੇ ਅੰਦਰੂਨੀ ਸੰਘਰਸ਼ਾਂ ਨੂੰ ਸਮਝਣ ਲਈ ਸਾਰਥਿਕ ਸਾਹਿਤਕ ਦਸਤਾਵੇਜ਼ ਹੈ।

**ਮੁੱਖ ਸ਼ਬਦ :-** ਡਰ, ਅਸੁਰੱਖਿਆ, ਮਾਨਸਿਕ ਸੰਘਰਸ਼, ਸਮਾਜਿਕ ਸਿਸਟਮ, ਪਰਵਾਸ, ਭ੍ਰੂ-ਹੇਰਵਾ, ਸੈਕਸ-ਸਿੱਖਿਆ

## 1.0 ਪ੍ਰਸਤਾਵਨਾ

2025 ਸਾਹਿਤ ਅਕਾਦੇਮੀ ਪੁਰਸਕਾਰ ਜੇਤੂ ਕਹਾਣੀਕਾਰ ਜਿੰਦਰ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ ਹੈ ਉਹ ਸਮਕਾਲੀ ਪੰਜਾਬੀ ਕਹਾਣੀ ਦਾ ਉਹ ਬਿਰਤਾਂਤਕਾਰ ਹੈ ਜਿਸ ਨੇ ਆਪਣੇ ਲੇਖਣ ਰਾਹੀਂ ਬਦਲਦੇ ਸਮਾਜ, ਮਨੁੱਖੀ ਮਨ ਦੀਆਂ ਗੁੰਝਲਾਂ ਅਤੇ ਆਧੁਨਿਕ ਜੀਵਨ ਦੇ ਸੰਕਟਾਂ ਨੂੰ ਡੂੰਘੀ ਸੰਵੇਦਨਾ ਨਾਲ ਪੇਸ਼ ਕੀਤਾ ਹੈ। ਉਸ ਦੀਆਂ ਕਹਾਣੀਆਂ ਕਿਸੇ ਇੱਕ ਵਿਚਾਰਧਾਰਾ ਦੀ ਪ੍ਰਚਾਰਕ ਨਾ ਹੋਕੇ ਜੀਵਨ ਦੇ ਯਥਾਰਥ ਨੂੰ ਜਟਿਲਤਾਵਾਂ ਸਮੇਤ ਸਾਹਮਣੇ ਲਿਆਉਂਦੀਆਂ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦਾ ਬਿਰਤਾਂਤਕ ਸੰਸਾਰ ਸਮਕਾਲੀ ਪੰਜਾਬੀ ਕਹਾਣੀ ਵਿੱਚ ਇੱਕ ਵਿਲੱਖਣ ਪਛਾਣ ਬਣਾਉਂਦਾ ਹੈ। ਜਿੰਦਰ ਦੀ ਸਿਰਜਣਸ਼ੀਲਤਾ ਬਾਰੇ ਡਾ. ਕੁਲਦੀਪ ਸਿੰਘ ਕਿਤਾਬ (ਜਿੰਦਰ ਦੀਆਂ ਚੋਣਵੀਆਂ ਕਹਾਣੀਆਂ) ਦੀ ਭੂਮਿਕਾ ਵਿੱਚ ਲਿਖਦੇ ਹਨ:

“ਜਿੰਦਰ ਦੀ ਸਿਰਜਣਾਤਮਿਕ ਪ੍ਰਕਿਰਿਆ ਬਿਆਨ ਕਰਦੀ ਹੈ ਕਿ ਕਹਾਣੀ ਲਿਖਣ ਲਈ ਸਹੀ ਸਮਾਂ, ਸਥਿਤੀ ਅਤੇ ਢੁਕਵਾਂ/ਉਚਿਤ ਸਥਾਨ ਬਹੁਤ ਮਾਅਨੇ ਰੱਖਦਾ ਹੈ। ਉਹ ਕਹਾਣੀ ਨੂੰ ਕੁਦਰਤੀ ਦਾਤ ਵਰਗੀ ਸ਼ੈਅ ਮੰਨਦਾ ਹੈ। ਜਿਸ ਦੀ ਨਿਆਮਤ ਸਹੀ ਵਕਤ 'ਤੇ ਹੁੰਦੀ ਹੈ। ਜਿੰਦਰ ਜ਼ਿੰਦਗੀ ਦੇ ਹੋਰ ਰਹੱਸਾਂ ਵਾਂਗ ਆਪਣੀ ਲਿਖਤ ਪ੍ਰਕਿਰਿਆ ਨੂੰ ਇੱਕ ਰਹੱਸ ਸਮਝਦਾ ਹੈ।”[1]

ਉਕਤ ਵਿਚਾਰ ਜਿੰਦਰ ਦੀ ਸਿਰਜਣਸ਼ੀਲਤਾ ਨੂੰ ਚੰਗਾ ਥਾਂ ਦਿੰਦੇ ਹਨ। ਜਿੰਦਰ ਰਚਨਾ ਨੂੰ ਸਿਰਫ਼ ਬੌਧਿਕ ਕਿਰਿਆ ਨਾ ਮੰਨ ਕੇ ਮਨੁੱਖ ਦੀ ਅੰਦਰੂਨੀ ਸੰਵੇਦਨਾ, ਅਨੁਭਵ ਅਤੇ ਸਿਰਜਣਾਤਮਿਕ ਉਤੇਜਨਾ ਨਾਲ ਜੋੜ ਕੇ ਵੇਖਦਾ ਹੈ। ਉਸ ਵੱਲੋਂ ਕਹਾਣੀ ਨੂੰ ਕੁਦਰਤੀ ਦਾਤ ਸਮਝਣਾ ਵੀ ਇਸੇ ਸੰਦਰਭ ਵਿੱਚ ਆਉਂਦਾ ਹੈ। ਜਿਵੇਂ ਕੁਦਰਤ ਆਪਣੀ ਨਿਆਮਤ ਕਿਸੇ ਨਿਸ਼ਚਿਤ ਅਤੇ ਅਨੁਕੂਲ ਸਮੇਂ ’ਤੇ ਪ੍ਰਦਾਨ ਕਰਦੀ ਹੈ, ਉਸੇ ਤਰ੍ਹਾਂ ਕਹਾਣੀ ਵੀ ਲੇਖਕ ਦੇ ਅੰਦਰ ਆਪਣੀ ਪੂਰਨ ਸਿਰਜਣਾਤਮਿਕ ਤੀਬਰਤਾ ਨਾਲ ਉਦੋਂ ਹੀ ਉਪਜਦੀ ਹੈ ਜਦੋਂ ਉਸ ਲਈ ਅੰਦਰੂਨੀ ਅਤੇ ਬਾਹਰੀ ਹਾਲਾਤ ਅਨੁਕੂਲ ਹੋਣ। ਇਸ ਦ੍ਰਿਸ਼ਟੀ ਤੋਂ ਜਿੰਦਰ ਦੀ ਰਚਨਾਤਮਿਕਤਾ ਵਿੱਚ ਸਹਿਜਤਾ ਅਤੇ ਅਨੁਭਵ ਦੀ ਪਕਿਆਈ ਨੂੰ ਕੇਂਦਰੀ ਮਹੱਤਵ

ਪ੍ਰਾਪਤ ਹੁੰਦਾ ਹੈ।

ਜਿੰਦਰ ਦੀ ਸਿਰਜਣਾਤਮਕਤਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਮਨੋਵਿਗਿਆਨਕ ਡੂੰਘਾਈ ਹੈ। ਉਹ ਪਾਤਰਾਂ ਦੇ ਬਾਹਰੀ ਵਿਹਾਰ ਨਾਲੋਂ ਉਨ੍ਹਾਂ ਦੇ ਅੰਦਰਲੇ ਡਰ, ਇਕੱਲੇਪਣ, ਅਸੁਰੱਖਿਆ, ਅਤੇ ਮਾਨਸਿਕ ਸੰਘਰਸ਼ ਨੂੰ ਵਧੇਰੇ ਮਹੱਤਵ ਦਿੰਦਾ ਹੈ। ਇਸ ਕਰਕੇ ਉਸ ਦੀਆਂ ਕਹਾਣੀਆਂ ਪਾਠਕ ਨੂੰ ਪਾਤਰਾਂ ਦੇ ਅੰਦਰੂਨੀ ਸੰਸਾਰ ਨਾਲ ਜੋੜਦੀਆਂ ਹਨ। ਅਸੀਂ ਆਪਣੇ ਖੋਜ ਪੱਤਰ ਨੂੰ ਕਹਾਣੀ 'ਸੇਫ਼ਟੀ ਕਿੱਟ' ਦੇ ਦੁਆਲੇ ਰੱਖਿਆ ਹੈ ਦਰਅਸਲ ਇਹ ਉਸ ਸਮਾਜ ਦਾ ਬਿਰਤਾਂਤ ਹੈ ਜਿੱਥੇ ਹਰ ਇੱਕ ਸ਼ੈਅ ਨੂੰ ਦੇਵਤਾ ਅਤੇ ਦੇਵੀ ਦੇ ਬਿੰਬ ਵਜੋਂ ਸਮਝਿਆ ਜਾਂਦਾ ਹੈ। ਇਹ ਸਮਾਜਿਕ ਸਿਸਟਮ ਇੱਥੇ ਹੀ ਨਹੀਂ ਰੁਕਦਾ ਇਹ ਹਰੇਕ ਨੂੰ ਬਹੁ ਪੱਖੀ ਨਜਰੀਏ ਤੋਂ ਵੇਖਦਾ ਹੈ ਜਿਵੇਂ ਰੱਬ ਵਿੱਚ ਵੰਡੀਆਂ ਅਤੇ ਉਸੇ ਵੰਡੀਆਂ ਦੇ ਆਧਾਰ ਦੇ ਲੋਕਾਈ ਵਿੱਚ ਦਹਿਸ਼ਤ ਜੋ ਕਤਲੋਗਰਤ ਦਾ ਰੂਪ ਧਾਰਨ ਕਰ ਜਾਂਦੀ ਹੈ ਫੇਰ ਇਹੀ ਕਤਲੋਗਰਤ ਦੇ ਆਧਾਰ 'ਤੇ ਸਿਆਸਤ ਕੀਤੀ ਜਾਂਦੀ ਹੈ ਅਤੇ ਮਨੁੱਖੀ ਭਾਵਨਾਵਾਂ ਦਾ ਗਲ ਘੁੱਟ ਕੇ ਡਰ ਦਾ ਮਾਹੌਲ ਤਿਆਰ ਕੀਤਾ ਜਾਂਦਾ ਹੈ, ਜਿੱਥੇ ਹਰ ਇੱਕ ਵਿਅਕਤੀ ਅਸੁੱਰਖਿਅਤ ਮਹੱਸੂਸ ਕਰਦਾ ਹੈ ਅਤੇ ਇਸ ਦੇਸ਼ ਤੋਂ ਆਪਣੇ ਸਮਾਜ ਤੋਂ ਵਿਦੇਸ਼ ਵੱਲ ਅਗਰਸਰ ਹੋ ਜਾਂਦਾ ਹੈ। ਬਿਰਤਾਂਤਕਾਰ ਆਪਣੇ ਸਮਾਜ ਤੋਂ ਖਫ਼ਾ ਜਾਪਦਾ ਹੈ ਉਹ ਆਪਣੇ ਪਾਤਰਾ ਰਾਹੀਂ ਭਾਰਤੀ ਸਮਾਜ ਦੀ ਸਮਕਾਲੀ ਤਸਵੀਰ ਬਿਆਨ ਕਰਦਾ ਹੈ ਉਸਦੇ ਪਾਤਰ ਡਰ ਦੀ ਸਥਿਤੀ 'ਚੋਂ ਗੁਜਰਦੇ ਜਾਪਦੇ ਹਨ ਮਿਸਾਲ ਵਜੋਂ:

> "ਮਰ ਜਾਣ ਸਾਡੇ ਜੱਜ, ਅਜੇ ਤਾਈਂ ਨਿਰਭਯਾ ਜ਼ਬਰ-ਜ਼ਨਾਹ ਦੇ ਕਾਤਲਾਂ ਨੂੰ ਫਾਂਸੀ ਨ੍ਹੀਂ ਦਿੱਤੀ। ਹੁਣ ਨਵਾਂ ਹੀ ਪੰਗਾ ਖੜ੍ਹਾ ਹੋ ਗਿਆ। ਕਹਿੰਦੇ ਚਹੁੰਆਂ 'ਚੋਂ ਇੱਕ ਨਾਬਾਲਿਗ ਆ। ਮੁਕੇਸ਼, ਪਵਨ, ਵਿਨੈ, ਅਕਸ਼ੈ ਮੇਰੇ ਵੱਸ 'ਚ ਹੋਵੇ ਤਾਂ ਤਿਲੰਗਾਨਾ ਕਾਂਡ ਵਾਂਗੂੰ ਇਨ੍ਹਾਂ ਨੂੰ ਇੱਕ ਕਤਾਰ 'ਚ ਖੜ੍ਹੇ ਕਰ ਕੇ ਗੋਲੀ ਮਾਰ ਦਿਆਂ। ਜਿੰਨਾ ਚਿਰ ਅਰਬ ਕੰਟਰੀਆਂ ਵਾਂਗੂੰ ਇੱਥੇ ਸਜ਼ਾਵਾਂ ਨ੍ਹੀਂ ਹੁੰਦੀਆਂ, ਕੁਸ਼ ਨ੍ਹੀਂ ਹੋਣਾ।"[2]

ਉਕਤ ਬਿਰਤਾਂਤ ਵਿੱਚ ਪਾਤਰ ਦੀ ਡਰਾਵਣੀ ਮਨੋਸਥਿਤੀ ਦਾ ਚਿਤਰਣ ਹੈ ਉਹ ਸਮਾਜ ਦੀ ਭੈੜੀ ਸਥਿਤੀ ਅਤੇ ਡਾਵਾਂਡੋਲ ਢਾਂਚੇ ਨੂੰ ਬਿਆਨ ਕਰਦੀ ਹੈ। ਸਮਾਜ ਵਿੱਚ ਵਾਪਰ ਰਹੀਆਂ ਜਿਨਸੀ ਹਿੰਸਾ ਦੀਆਂ ਘਟਨਾਵਾਂ, ਨਿਆਂ ਪ੍ਰਣਾਲੀ ਦੀ ਧੀਮੀ ਕਾਰਵਾਈ ਅਤੇ ਲੋਕਾਂ ਦੇ ਅੰਦਰ ਪੈਦਾ ਹੋਏ ਗੁੱਸੇ ਨੂੰ ਬਹੁਤ ਤਿੱਖੇ ਢੰਗ ਨਾਲ ਪ੍ਰਗਟ ਕੀਤਾ ਗਿਆ ਹੈ। ਪਾਤਰ ਸਮਾਜ ਦੇ ਨਿਰਦਈ ਵਿਵਹਾਰ ਅਤੇ ਨਿਆਂ ਸਿਸਟਮ ਤੋਂ ਖਫ਼ਾ ਜਾਪਦਾ ਹੈ। ਘਰ ਵਿੱਚ ਰਹਿੰਦੇ ਹੋਏ ਸ਼ੋਸ਼ਲ ਮੀਡੀਆ ਦੀ ਸਿਆਸਤ ਪ੍ਰਤੀ ਉਧਾਰ ਦੀ ਭਾਵਨਾ ਅਤੇ ਆਵਾਮ ਪ੍ਰਤੀ ਦੋਹਰੇ ਮਾਪਦੰਡ ਦੀ ਨੀਤੀ ਕਰਕੇ ਪਾਤਰ ਡਰ ਦੇ ਮਹੋਲ ਦੇ ਨਾਲ-ਨਾਲ ਵਿਰੋਧੀ ਸੁਰ ਦਾ ਧਾਰਨੀ ਵੀ ਬਣ ਜਾਂਦਾ ਹੈ। ਉਹ ਆਪਣੇ ਅਜੀਜ ਨੂੰ ਹੀ ਨਸੀਹਤ ਨਹੀਂ ਦੇਂਦਾ ਬਲਕਿ ਸਮੁੱਚੀ ਨਾਰੀ ਨੂੰ ਨਸੀਹਤ ਦੇਂਦਾ ਨਜਰੀ ਪੈਂਦਾ ਹੈ।

ਪਰਵਾਸ ਵਿੱਚ ਭੂ-ਹੇਰਵਾ ਅਤੇ ਉੱਥੇ ਆਉਣ ਵਾਲੀਆਂ ਔਕੜਾਂ, ਔਕੜਾਂ ਵਿੱਚ ਸ਼ਰੀਰਕ ਅਤੇ ਮਾਨਸਿਕ ਸ਼ੋਸ਼ਣ ਦਾ ਡਰ, ਡਰ ਵੀ ਆਪਣਿਆਂ ਤੋਂ ਅਤੇ ਆਪਣੇ ਅੰਦਰ ਡਰ ਨੂੰ ਲੈ ਕੇ ਸ਼ੋਸ਼ਣ ਕਰਵਾਉਣ ਲਈ ਰਾਜੀ ਹੋਣਾ ਅਜਿਹੇ ਹੀ ਦਵੰਦ 'ਚੋਂ ਗੁਜਰਦੀ ਹੋਈ ਮੈਂ ਪਾਤਰ ਵਿਦੇਸ਼ ਵਿੱਚ ਗੋਰੀ ਚਮੜੀ ਤੋਂ ਨਹੀਂ ਬਲਕਿ ਪੰਜਾਬੀ ਅਤੇ ਭਾਰਤੀ ਲੋਕਾਂ ਤੋਂ ਡਰਦੀ ਨਜਰੀ ਪੈਂਦੀ ਹੈ। ਮੈਂ ਪਾਤਰ ਇੰਗਲੈਂਡ ਵਿੱਚ ਜਾਕੇ ਪੰਜਾਬੀ ਪਰਿਵਾਰ ਕੋਲ ਵਸੋਂ ਕਰਦੀ ਹੈ ਉਸ ਪਰਿਵਾਰ ਦਾ ਇੱਕ ਮੈਂਬਰ ਕਿਸੇ ਬਹਾਨੇ ਉਸਦੇ ਕਮਰੇ ਵਿਚ ਦਾਖਲ ਹੋਣਾ ਲੋਚਦਾ ਹੈ ਅਤੇ ਮੈਂ ਪਾਤਰ ਨੂੰ ਰੋਮਾਂਟਿਕ ਫਿਲਮ ਦੇਖਣ ਲਈ ਉਕਸਾਉਣ ਦੇ ਨਾਲ-ਨਾਲ ਭੈੜੇ ਨੂੰ ਅੰਜਾਮ ਦੇਣਾ ਲੋਚਦਾ ਹੈ। ਸ਼ਾਇਦ ਮੈਂ ਪਾਤਰ ਉਸਦੇ ਇਸ ਕਾਰਨਾਮੇ ਤੋਂ ਵਾਕਫ਼ ਹੋ ਗਈ ਜਾਂ ਉਸਨੂੰ ਆਪਣੀ ਮਾਂ ਦੀਆਂ ਗੱਲਾਂ ਚੇਤੇ ਸਨ ਮਿਸਾਲ ਵਜੋਂ:

> "ਮੈਂ ਸੋਚਿਆ, ਤੂੰ 'ਕੱਲੀ ਬੋਰ ਹੁੰਦੀ ਹੋਵੇਂਗੀ। ਟੈਲੀ 'ਤੇ 'ਇਸ਼ਕ' ਫ਼ਿਲਮ ਆਈ ਹੋਈ। ਬਹੁਤ ਰੁਮਾਂਟਿਕ ਫ਼ਿਲਮ ਆ। ਆ ਜਾ 'ਕੱਠੇ ਦੇਖਈਏ।"[3]

ਉਕਤ ਵਾਕ ਅਪਣੱਤ ਦਾ ਲਾਲਚ ਦੇਕੇ ਜਬਰ ਕਰਨ ਦੇ ਇਰਾਦੇ ਨੂੰ ਬਿਆਨ ਕਰਦਾ ਹੈ। ਵਿਦੇਸ਼ ਵਿੱਚ ਪੰਜਾਬੀ ਹੀ ਪੰਜਾਬੀ ਦਾ ਸ਼ੋਸ਼ਣ ਕਰਨ ਲੋਚਦਾ ਹੈ ਅਤੇ ਸ਼ੋਸ਼ਣ ਕਰ ਵੀ ਰਿਹਾ ਹੈ। ਇਸ ਗੱਲ ਨੂੰ ਨਹੀਂ ਭੁੱਲਿਆ ਜਾਂ ਸਕਦਾ ਕੇ ਆਰਥਿਕ ਤੇ ਮਾਨਸਿਕ ਸ਼ੋਸ਼ਣ ਪੰਜਾਬੀ ਹੀ ਕਰਦੇ ਹਨ। ਘੱਟ ਪੂੰਜੀ ਦੇਕੇ ਜਿਆਦਾ ਕੰਮ ਲੈਣ ਦੀ ਫਿਤਰਤ ਵੀ ਪੰਜਾਬੀ ਲੋਕਾਂ ਵਿਚ ਵਧੇਰੇ ਹੈ। ਬੇਸ਼ੱਕ ਦੇਸ਼ ਬਦਲਿਆ, ਫ਼ਿਜਾ ਬਦਲੀ, ਸਭਿਆਚਾਰ ਬਦਲਿਆ ਪਰ ਸ਼ੋਸ਼ਣ ਕਰਨ ਦੀ ਆਦਤ ਨਹੀਂ ਬਦਲੀ। ਪਾਤਰ ਆਪਣਿਆ ਵੱਲੋਂ ਹੁੰਦੇ ਸ਼ੋਸ਼ਣ ਦੀ ਅਭਿਵਿਅਤੀ ਕਰਦੀ ਨਜਰੀ ਪੈਂਦੀ ਹੈ। ਪਾਤਰ ਉਸ ਰਾਹ ਵੀ ਜਾਣ ਪਸੰਦ ਨਹੀਂ ਕਰਦੀ ਜਿੱਥੇ ਪੰਜਾਬੀ ਖੜੇ ਹੋਣ ਉਹ ਜਿਸ ਰਾਹੇ ਜਾਣਾ ਚਾਹੁੰਦੀ ਹੈ, ਉਹ ਸ਼ੁੱਕਰ ਮਨਾਉਂਦੀ ਹੈ ਕਿ ਉੱਥੇ ਪੰਜਾਬੀ ਨਹੀਂ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਉਸਦੀ ਨਜਰੇ ਪਰਵਾਸੀ ਇਨ੍ਹੇ ਮੰਦੇ ਕਿਰਦਾਰ ਦੇ ਹੋ ਗਏ ਹਨ ਕਿ ਆਪਣਿਆ ਨੂੰ ਰਸਤਾ ਬਦਲਣ ਪੈ ਰਿਹਾ ਹੈ "ਇੰਗਲੈਂਡ ਸੇਫ ਮੰਨਿਆ ਜਾਂਦਾ ਪਰ ਮਾੜੇ, ਸਮੇਂ ਦਾ ਕੀ ਪਤਾ। ਜਿੱਧਰ ਪੰਜਾਬੀਆਂ ਦੀ ਵੱਸੋਂ ਸੀ, ਮੈਂ ਉਹ ਰੋਡ ਨਾ ਲੈਂਦੀ।"[4] ਉਸਦੇ ਅੰਦਰ ਡਰ ਦਾ ਮਹੋਲ ਹੈ ਪਰ ਉੱਥੋਂ ਦੇ ਮੂਲ ਲੋਕਾਂ ਵਿੱਚ ਜਾ ਕੇ ਸੇਫ਼ ਮਹੱਸੂਸ ਕਰਦੀ ਹੈ। ਪੰਜਾਬੀਆਂ ਨੇ ਵਿਦੇਸ਼ ਵਿੱਚ ਆਪਣੇ ਆਪ ਦਾ ਅਜਿਹਾ ਕਿਰਦਾਰ ਸਥਾਪਿਤ ਕਰ ਦਿੱਤਾ ਹੈ। ਵਿਦੇਸ਼ ਦੇ ਮੂਲ ਨਿਵਾਸੀ ਉਨਾਂ ਨੂੰ ਰਹਿਣ ਲਈ ਥਾਂ ਦੇਣ ਤੋਂ ਗੁਰੇਜ ਕਰਦੇ ਹਨ। ਪਾਤਰ

ਸਮਾਂਥਾ ਦਾ ਮੈਂ ਪਾਤਰ ਨਾਲ ਭਾਵਨਾ ਜੁੜ ਜਾਂਦੀ ਹੈ ਜਿਸ ਕਾਰਣ ਉਹ ਉਸ ਨੂੰ ਰਹਿਣ ਲਈ ਥਾਂ ਦੇ ਦਿੰਦੀ ਹੈ ਇਹੀ ਦਿੱਲੀ ਸਾਂਝ ਮਨੁੱਖੀ ਸੰਵੇਦਨਾ ਦਾ ਪ੍ਰਗਟਾ ਕਰਦੀ ਹੈ।

ਇਸ ਗੱਲ ਵਿੱਚ ਕੋਈ ਦੋ ਰਾਇ ਨਹੀਂ ਕਿ ਸਮਾਜ ਹੀ ਜਿਮੇਂਵਾਰੀ ਹੈ ਸਮਾਜ ਵਿੱਚ ਫੈਲਿਆ ਕੁਰੀਤੀਆਂ ਦਾ। ਜਿਸ ਕਰਕੇ ਵਿਸ਼ੇਸ਼ ਸਮਾਜ ਜਾਂ ਇਸ ਵਿੱਚ ਵਸੋਂ ਕਰਨ ਵਾਲਾ ਹਰ ਇੱਕ ਮਨੁੱਖ ਪ੍ਰਭਾਵਿਤ ਹੁੰਦਾ ਹੈ। ਹਰ ਸਮਾਜ ਦੇ ਆਪਣੇ-ਆਪਣੇ ਟੈਬੂ ਅਤੇ ਟੋਟਮ ਹੁੰਦੇ ਹਨ ਜਿਸ ਆਧਾਰ 'ਤੇ ਸਮਾਜ ਚੱਲਦਾ ਹੈ। ਭਾਰਤੀ ਸਮਾਜ ਮਰਦਾਵੀਂ ਹਉਮੈਂ ਨਾਲ ਗ੍ਰਸਤ ਹੈ। ਇੱਥੇ ਮਰਦ ਦੀ ਬੇਤੁਕੀ ਗੱਲ ਵੀ ਭਾਰੀ ਦੱਸੀ ਜਾਂਦੀ ਹੈ। ਭਾਰਤੀ ਸਮਾਜ ਵਿੱਚ ਸੈਕਸ ਨੂੰ ਵੱਡਾ ਟੈਬੂ ਮਣਿਆ ਜਾਂਦਾ ਹੈ ਪਰ ਪਰਦੇ ਪਿੱਛੇ ਭਾਰਤੀ ਸਮਾਜ ਬੇਹੱਦ ਅਸ਼ਲੀਲ ਹੈ ਪਰ ਦੂਜੇ ਪਾਸੇ ਯੂਰੋਪ ਦੇ ਲੋਕ ਸ਼ਪਸ਼ਟ ਹਨ ਉਹ ਸੈਕਸ ਨੂੰ ਟੈਬੂ ਨਹੀਂ ਮੰਨਦੇ ਬਲਕਿ ਇਸਨੂ ਖੁੱਲ ਦੱਸਦੇ ਹਨ ਜਿਸ ਤਹਿਤ ਉੱਥੇ ਰੇਪ ਜਿਹੀਆਂ ਘਟਨਾਵਾਂ ਵੀ ਘੱਟ ਹੁੰਦੀਆਂ ਹਨ। ਭਾਰਤੀ ਸਮਾਜ ਸਭਿਅਕ ਹੋਣ ਦਾ ਦਿਖਾਵਾ ਕਰਦਾ ਹੈ ਪਾਤਰ ਸਮਾਥਾਂ ਦੇ ਬੋਲ ਸਮਾਜਿਕ ਹਿਪੋਕ੍ਰੇਸੀ ਨੂੰ ਉਜਾਗਰ ਕਰਦੇ ਹਨ ਜਿਵੇਂ:

"ਸੈਕਸ ਨੂੰ ਐਡੀ ਵੱਡੀ ਤੇ ਬਹੁਤ ਵਿਸ਼ੇਸ਼ ਚੀਜ਼ ਬਣਾ ਦਿੱਤਾ ਜਾਂਦਾ ਕਿ ਨੌਜਵਾਨਾਂ ਦੀ ਖਾਸ ਕਰ ਕੇ ਮਰਦਾਂ ਲਈ ਇਸ ਦੀ ਕਰਿਓਸਟੀ ਬਹੁਤ ਵੱਧ ਜਾਂਦੀ, ਜਿਹਦੇ 'ਚੋਂ ਕਰਾਇਮ ਜਨਮ ਲੈਂਦਾ। ਮਾਹਰ ਕਹਿੰਦੇ ਨੇ ਕਿ ਰੇਪ ਦਾ ਇੱਕ ਕਾਰਨ ਸੈਕਸ ਦੀ ਘਾਟ ਵੀ ਏ।"[5]

ਉਕਤ ਵਾਕ ਆਧੁਨਿਕ ਸਮਾਜ ਵਿੱਚ ਸੈਕਸ ਪ੍ਰਤੀ ਬਣਾਈ ਗਈ ਮਾਨਸਿਕ, ਸਮਾਜਿਕ ਅਤੇ ਸੱਭਿਆਚਾਰਕ ਧਾਰਨਾ ਦੀ ਨਿਖੇਧੀ ਕਰਦਾ ਹੈ। ਜਦੋਂ ਕਿਸੇ ਮਨੁੱਖੀ ਲੋੜ ਨੂੰ ਬੇਹੱਦ ਰਹੱਸਮਈ, ਵਰਜਿਤ ਜਾਂ ਅਸਧਾਰਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਤਾਂ ਉਸ ਪ੍ਰਤੀ ਬੇਲੋੜੀ ਉਤਸੁਕਤਾ ਅਤੇ ਜਿਗਿਆਸਾ ਪੈਦਾ ਹੋ ਜਾਂਦੀ ਹੈ। ਖ਼ਾਸ ਤੌਰ 'ਤੇ ਸਮਾਜ ਵਿੱਚ ਮਰਦਾਂ ਨੂੰ ਸਿਹਤਮੰਦ ਅਤੇ ਵਿਗਿਆਨਕ ਸੈਕਸ-ਸਿੱਖਿਆ ਨਾ ਮਿਲਣ ਕਰਕੇ ਉਹ ਸੈਕਸ ਬਾਰੇ ਗਲਤ ਧਾਰਨਾਵਾਂ, ਅਫਵਾਹਾਂ ਅਤੇ ਅਸ਼ਲੀਲ ਮਾਧਿਅਮਾਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਜਿਨਸੀ ਦਬਾਅ ਜਾਂ ਸੈਕਸ ਦੀ ਘਾਟ ਵੀ ਕੁਝ ਅਪਰਾਧਾਂ ਦੇ ਪਿੱਛੇ ਇੱਕ ਕਾਰਨ ਹੋ ਸਕਦੀ ਹੈ। ਅਜਿਹੀਆ ਘਟਨਾਵਾਂ ਉੱਥੇ ਵਾਪਰਨ ਦੀ ਸੰਭਾਵਨਾ ਵੱਧ ਹੁੰਦੀ ਜਿੱਥੇ ਧਾਰਮਿਕਤਾ ਹਾਵੀ ਹੋਵੇ। ਇਹ ਬਿਰਤਾਂਤ ਸਾਡੇ ਭਾਰਤੀ ਸਮਾਜ ਦੀ ਨਗਨ ਤਸਵੀਰ ਹੈ। ਤਾਕਤ ਦਾ ਪ੍ਰਦਰਸ਼ਨ, ਔਰਤ ਉੱਤੇ ਹਕੂਮਤ ਕਾਇਮ ਕਰਨ ਦੀ ਮਨੋਵਿਰਤੀ, ਔਰਤ-ਵਿਰੋਧੀ ਸੋਚ, ਲਿੰਗ ਅਸਮਾਨਤਾ, ਹਿੰਸਕ ਰੁਝਾਨ, ਸਮਾਜਿਕ ਪਰਵਰਿਸ਼ ਅਤੇ ਕਾਨੂੰਨ ਦੇ ਡਰ ਦੀ ਕਮੀਂ ਜਿਹੇ ਕਈ ਤੱਤ ਇਸ ਦੇ ਮੂਲ ਵਿੱਚ ਹੁੰਦੇ ਹਨ। ਬਿਰਤਾਂਤ ਦੀ ਅਭਿਵਿਅਕਤੀ ਪਿੱਛੇ ਵੀ ਡਰ ਉਜਾਗਰ ਹੁੰਦਾ ਹੈ ਅਤੇ ਮਨੁੱਖੀ ਸੰਵੇਦਨਾ ਮਰਦੀ ਨਜਰੀ ਪੈਂਦੀ ਹੈ।

ਹਰ ਇੱਕ ਸਮਾਜ ਦਾ ਆਪਣਾ ਆਪਣਾ ਸਿਸਟਮ ਹੁੰਦਾ ਹੈ, ਜਿਸ ਦੇ ਆਧਾਰ ਤੇ ਸੋਸਾਇਟੀ ਚਲਦੀ ਹੈ। ਇਸ ਸਮਾਜ ਵਿੱਚ ਰਹਿਣ ਲਈ ਹਰ ਮਨੁੱਖ ਨੂੰ ਆਪਣੀ ਸੇਫਟੀ ਦਾ ਖਿਆਲ ਰੱਖਣਾ ਪੈਂਦਾ ਹੈ। ਵੱਖ-ਵੱਖ ਰਿਸ਼ਤਿਆਂ ਵਿੱਚ ਇੱਕ ਦੂਜੇ ਦੀ ਸਹਾਇਤਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਅਡਲਟ ਬੱਚਿਆਂ ਵਿੱਚ ਦੋਸਤੀ ਜਿਆਦਾ ਹੁੰਦੀ ਹੈ ਇਸੇ ਕਰਕੇ ਹੀ ਕਹਾਣੀ ਦੀ ਪਾਤਰ ਸਮਾਂਥਾ ਮੈਂ ਪਾਤਰ ਨੂੰ ਦੋਸਤੀ ਸਬੰਧੀ ਸਵਾਲ ਕਰਦੀ ਹੈ

"ਕਿਸੇ ਮੁੰਡੇ ਨਾਲ ਰਿਸ਼ਤਾ ਬਣਾਉਣ ਨੂੰ ਤੂੰ ਗਲਤ ਕਹਿੰਦੀ ਏਂ? ਇਹ ਤਾਂ ਤੂੰ ਆਪਣੇ ਅੰਦਰਲੀ ਔਰਤ ਨਾਲ ਜ਼ਿਆਦਤੀਕਰ ਰਹੀ ਏਂ। ਮਰਦ-ਔਰਤ ਦਾ ਰਿਸ਼ਤਾ ਤਾਂ ਦੋਹਾਂ ਪਾਸਿਆਂ ਦਾ ਹੁੰਦਾ। ਮਰਦ ਨੂੰ ਔਰਤ ਦੀ ਲੋੜ ਹੁੰਦੀ ਏ। ਔਰਤ ਨੂੰ ਮਰਦ ਦੀ।"[6]

ਇੱਥੇ ਮਰਦ–ਔਰਤ ਸੰਬੰਧਾਂ, ਜਿਨਸੀ ਸੁਤੰਤਰਤਾ, ਵਿਅਕਤੀਗਤ ਚੋਣ ਬਾਰੇ ਕੀਤੀ ਗਈ ਹੈ। ਨਾਰੀ ਪਾਤਰ ਕਿਤੇ ਨਾਰੀ ਨੂੰ ਸੁਚੇਤ ਕਰਦੀ ਹੈ ਕਦੇ ਮਰਦ ਪ੍ਰਧਾਨ ਸਮਾਜ ਉੱਤੇ ਕਟਾਕਸ਼ ਕਰਦੀ ਹੈ। ਕਦੇ ਮਰਦ ਨੂੰ ਬਘਿਆੜ ਆਖਦੀ ਹੈ ਕੀਤੇ ਸਾਰੇ ਮਰਦ ਮਾੜੇ ਨਹੀਂ ਹੁੰਦੇ ਕਰਾਰਦੀ ਹੈ, ਕੀਤੇ ਮਰਦ ਪ੍ਰਤੀ ਉਲਾਰ ਹੋ ਜਾਂਦੀ ਹੈ।

ਪਾਤਰ ਸਮਾਥਾ ਮੈਂ ਪਾਤਰ 'ਤੇ ਕਟਾਕਸ਼ ਕਰਦੀ ਹੋਈ ਆਖਦੀ ਹੈ ਕਿ ਔਰਤ ਦੀਆਂ ਭਾਵਨਾਵਾਂ, ਇੱਛਾਵਾਂ ਅਤੇ ਮਨੁੱਖੀ ਲੋੜਾਂ ਨੂੰ ਦਬਾਉਣਾ ਵੀ ਉਸ ਦੇ ਅਸਤਿਤਵ ਨਾਲ ਅਨਿਆਂ ਹੈ। ਔਰਤ ਦੀਆਂ ਇੱਛਾਵਾਂ ਨੂੰ ਸ਼ੱਕ, ਸ਼ਰਮ ਅਤੇ ਨੈਤਿਕਤਾ ਦੇ ਘੇਰੇ ਵਿੱਚ ਕੈਦ ਕਰ ਦਿੱਤਾ ਜਾਂਦਾ ਹੈ। ਇਸ ਅੰਸ਼ ਵਿੱਚ ਮਰਦ ਅਤੇ ਔਰਤ ਦੇ ਸੰਬੰਧ ਨੂੰ ਇੱਕ ਪਰਸਪਰ ਅਤੇ ਸਮਾਨ ਮਨੁੱਖੀ ਰਿਸ਼ਤੇ ਵਜੋਂ ਪੇਸ਼ ਕਰਦੀ ਹੈ, ਜਿਸ ਵਿੱਚ ਦੋਵੇਂ ਇੱਕ-ਦੂਜੇ ਦੀ ਭਾਵਨਾਤਮਕ, ਮਾਨਸਿਕ ਅਤੇ ਸਰੀਰਕ ਲੋੜਾਂ ਨੂੰ ਪੂਰਾ ਕਰਨ ਵਾਲੇ ਸਾਥੀ ਹਨ। ਉਸਦਾ ਦ੍ਰਿਸ਼ਟੀਕੋਣ ਇਸ ਧਾਰਨਾ ਦਾ ਖੰਡਨ ਕਰਦਾ ਹੈ ਕਿ ਰਿਸ਼ਤਿਆਂ ਦਾ ਕੇਂਦਰ ਕੇਵਲ ਮਰਦ ਦੀ ਇੱਛਾ ਜਾਂ ਸਮਾਜਕ ਮਨਜ਼ੂਰੀ ਹੋਵੇ; ਸਗੋਂ ਇਸ ਵਿੱਚ ਔਰਤ ਦੀ ਸਹਿਮਤੀ, ਚੋਣ ਅਤੇ ਇੱਛਾ ਨੂੰ ਵੀ ਬਰਾਬਰ ਦਾ ਮਹੱਤਵ ਲਾਜਮੀ ਹੁੰਦਾ ਹੈ। ਬਿਰਤਾਂਤਕਾਰ ਸਮਾਜਿਕ ਵਰਤਾਰੇ ਨੂੰ ਚੰਗੀ ਤਰ੍ਹਾਂ ਸਮਝਦਾ ਨਜਰੀ ਪੈਂਦਾ ਹੈ ਕਿਉਕਿ ਉਸਦੇ

***Journal of Punjabi Insights (JPI)*** ***Vol. 2 Issue II (April to june 2026)***
***Website: [www. punjabiinsights.in](http://www.punjabiinsights.in) ISSN: 31074286 (online) Pages 7-14***

ਪਾਤਰ ਸਮਾਜਿਕ ਨਿਆ ਦੀ ਗੱਲ ਕਰਨ ਪ੍ਰਤੀ ਅਗਰਸਰ ਹਨ।

ਬਿਰਤਾਂਤਕਾਰ ਨੇ ਆਪਣੇ ਪਾਤਰਾਂ ਰਾਹੀਂ ਵੱਖ-ਵੱਖ ਦੇਸ਼ਾਂ ਵਿੱਚ ਔਰਤ ਦੀ ਸਥਿਤੀ ਨੂੰ ਬਿਆਨਣ ਦਾ ਯਤਨ ਕੀਤਾ ਹੈ। ਆਪਣੇ ਹਿੱਤਾਂ ਲਈ ਲੜ ਕੇ ਆਪਣੀ ਹੋਂਦ ਨੂੰ ਬਚਾਉਣ ਲਈ ਸਭ ਤੋਂ ਪਹਿਲਾਂ ਯੂਰੋਪ ਦੀ ਔਰਤ ਨੇ ਪਹਿਲ ਕੀਤੀ ਅਤੇ ਚਿੰਤਨ ਅਤੇ ਚੇਤਨਾ ਦ੍ਰਿਸ਼ਟੀ ਰਾਹੀਂ ਸਮੁੱਚੀ ਨਾਰੀ ਦੇ ਹਿੱਤਾਂ ਦੀ ਗੱਲ ਕੀਤੀ। ਮੁੱਢਲੀਆਂ ਚੇਤਨ ਨਾਰੀਆਂ ਦਾ ਮਰਦ ਪ੍ਰਤੀ ਰਵੱਈਆ ਭੈੜਾ ਰਿਹਾ ਪਰ ਆਪਣੀ ਹੋਂਦ ਲਈ ਜੱਦੋ-ਜਹਿਦ ਨੂੰ ਪ੍ਰਮੁੱਖ ਸਥਾਨ ਦਿੱਤਾ। ਮੈਂ ਪਾਤਰ ਅਤੇ ਸਮਾਂਥਾ ਆਪਣੇ ਸਮਾਜ ਦੀਆ ਨਾਰੀ ਸੰਬਧੀ ਮੁਢਲੀਆਂ ਰੀਤਾਂ ਦਾ ਜਿਕਰ ਇਸ ਤਰ੍ਹਾਂ ਕਰਦੀਆਂ ਹਨ:

"ਸਾਡਾ ਸਮਾਜ ਵੀ ਪਹਿਲਾਂ ਐਦਾਂ ਦਾ ਹੀ ਸੀ । ਵੀਹਵੀਂ ਸਦੀ ਦੇ ਸ਼ੁਰੂ ਦੀਆਂ ਤਸਵੀਰਾਂ ਦੇਖ। ਔਰਤ ਦਾ ਜਿਸਮ ਪੂਰੀ ਤਰ੍ਹਾਂ ਢੱਕਿਆ ਹੁੰਦਾ ਸੀ। ਸਿਰਫ਼ ਮੂੰਹ ਹੀ ਨੰਗਾ ਰਹਿੰਦਾ। ਸਮਾਜ 'ਚ ਔਰਤ ਨੂੰ ਦੁਜੈਲੇ ਥਾਂ ਰੱਖਿਆ ਜਾਂਦਾ ਸੀ । ਇਹ ਤਾਂ ਯੂਰਪ ਦੀ ਔਰਤ ਨੇ ਲੜ ਕੇ ਹੱਕ ਲਏ ਨੇ ਪਰ ਦੁਨੀਆ ਦੇ ਹਾਲੇ ਵੀ ਬਹੁਤ ਸਾਰੇ ਦੇਸ਼ ਨੇ ਜਿੱਥੇ ਔਰਤ ਸਿਰਫ਼ ਬੱਚੇ ਪੈਦਾ ਕਰਨ ਜਾਂ ਮਰਦ ਦੀ ਹਵਸ ਪੂਰਾ ਕਰਨ ਦਾ ਸਾਧਨ ਮੰਨੀ ਜਾਂਦੀ ਏ।"[7]

ਪਾਤਰ ਸਮਾਂਥਾ ਆਪਣੇ ਸਮਾਜ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਉਜਾਗਰ ਕਰਦੀ ਹੈ। ਉਸਨੇ ਔਰਤ ਦੀ ਸਮਾਜਿਕ ਸਥਿਤੀ ਅਤੇ ਔਰਤ ਦੇ ਅਧਿਕਾਰਾਂ ਲਈ ਹੋਏ ਸੰਘਰਸ਼ ਨੂੰ ਇਤਿਹਾਸਕ ਅਤੇ ਸਮਾਜਿਕ ਸੰਦਰਭ ਵਿੱਚ ਪੇਸ਼ ਕੀਤਾ ਹੈ। ਔਰਤ ਨੂੰ ਸਮਾਜ ਵਿੱਚ ਦੂਜੇ ਦਰਜੇ ਦੀ ਨਾਗਰਿਕ ਸਮਝਣ ਦੀ ਪ੍ਰਵਿਰਤੀ ਕਿਸੇ ਇੱਕ ਸਮਾਜ ਜਾਂ ਸੱਭਿਆਚਾਰ ਤੱਕ ਸੀਮਿਤ ਨਹੀਂ ਰਹੀ ਬਲਕਿ ਇਹ ਇੱਕ ਵਿਆਪਕ ਵਿਸ਼ੇਸ਼ਤਾ ਰਹੀ ਹੈ। ਉਹ ਔਰਤ ਦੇ ਸਰੀਰ ਉੱਤੇ ਸਮਾਜ ਵੱਲੋਂ ਲਾਗੂ ਕੀਤੇ ਜਾਂਦੇ ਨਿਯੰਤਰਣ ਅਤੇ ਨੈਤਿਕ ਪਾਬੰਦੀਆਂ ਨੂੰ ਵੀ ਉਜਾਗਰ ਕਰਦੀ ਹੈ। ਔਰਤ ਨੂੰ ਇੱਕ ਸੁਤੰਤਰ ਮਨੁੱਖੀ ਹੋਂਦ ਵਜੋਂ ਸਵੀਕਾਰ ਕਰਨ ਦੀ ਥਾਂ ਉਸ ਦੀ ਪਛਾਣ ਨੂੰ ਪਤਨੀ, ਮਾਂ, ਧੀ ਜਾਂ ਮਰਦ ਨਾਲ ਸੰਬੰਧਿਤ ਭੂਮਿਕਾਵਾਂ ਤੱਕ ਸੀਮਤ ਕਰ ਦੇਣਾ ਮਰਦਾਵੀਂ ਹਉਮੈਂ ਉਹ ਮਾਨਸਿਕਤਾ ਹੈ ਜਿਸ ਨੇ ਸਦੀਆਂ ਤੱਕ ਔਰਤ ਦੇ ਸਮਾਜਿਕ, ਆਰਥਿਕ ਅਤੇ ਫ਼ੈਸਲਾਕਾਰੀ ਅਧਿਕਾਰਾਂ ਨੂੰ ਸੀਮਤ ਰੱਖਿਆ। ਉਹ ਯੂਰਪ ਦੀ ਔਰਤ ਵੱਲੋਂ ਆਪਣੇ ਹੱਕਾਂ ਲਈ ਕੀਤੇ ਸੰਘਰਸ਼ ਦੀ ਮਿਸਾਲ ਦੇਕੇ ਇਹ ਦਰਸਾਉਣ ਦਾ ਯਤਨ ਕਰਦੀ ਹੈ ਕਿ ਔਰਤ ਦੀ ਮੁਕਤੀ ਕਿਸੇ ਮਿਹਰਬਾਨੀ ਦਾ ਨਤੀਜਾ ਨਹੀਂ ਹੈ ਇਹ ਲੰਮੇ ਸਮਾਜਿਕ ਸੰਘਰਸ਼ ਦੀ ਦੇਣ ਹੈ।

ਮੈਂ ਪਾਤਰ ਸਮਾਂਥਾ ਦੀ ਨਿਡਰ ਪ੍ਰਵਿਰਤੀ ਤੋਂ ਵਧੇਰੇ ਪ੍ਰਭਾਵਿਤ ਹੈ ਪਰ ਦੂਜੇ ਪਾਸੇ ਉਹ ਆਪਣੀ ਡਰਪੋਕ ਪ੍ਰਵਿਰਤੀ ਦੀ ਸਮਾਂਥਾ ਨਾਲ ਤੁਲਨਾ ਕਰਦੀ ਹੈ ਉਹ ਸੋਚਦੀ ਹੈ:

"ਸੋਸ਼ਲ ਮੀਡੀਏ 'ਤੇ ਬਹੁਤ ਸਾਰੇ ਸਮਾਂਥਾ ਵਰਗੇ ਲੋਕਾਂ ਦੇ ਗਰੁੱਪ ਨੇ ਜੋ ਦੁਨੀਆ ਘੁੰਮਦੇ ਨੇ। ਕਈ ਵਾਰ ਸਮਾਂਥਾ ਕਿਸੇ ਗਰੁੱਪ ਨਾਲ ਵੀ ਚੱਲੇ ਜਾਂਦੀ ਪਰ ਉਸ ਦਾ ਕਹਿਣਾ ਸੀ ਕਿ ਜਿਹੜਾ ਇਕੱਲੇ ਦੁਨੀਆ ਦੇਖਣ ਦਾ ਮਜ਼ਾ ਹੈ, ਉਹ ਗਰੁੱਪ ਵਿੱਚ ਨਹੀਂ।"[8]

ਮੈਂ ਪਾਤਰ ਦੇ ਨਿਡਰ ਅਤੇ ਨਿੱਜੀ ਸੋਚ ਤੋਂ ਵਧੇਰੇ ਪ੍ਰਭਾਵਿਤ ਜਾਪਦੀ ਹੈ। ਉਹ ਸਮਾਂਥਾ ਦੇ ਯਾਤਰਾ-ਪ੍ਰੇਮ, ਸੁਤੰਤਰ ਜੀਵਨ-ਦ੍ਰਿਸ਼ਟੀ ਅਤੇ ਇਕੱਲੇਪਣ ਵਿੱਚੋਂ ਮਿਲਣ ਵਾਲੀ ਆਤਮਿਕ ਆਜ਼ਾਦੀ ਨੂੰ ਪ੍ਰਗਟਾਉਂਦੀ ਹੈ। ਉਹ ਸੋਸ਼ਲ ਮੀਡੀਆ ਦੇ ਪ੍ਰਸੰਗ ਰਾਹੀਂ ਅੱਜ ਦੇ ਸਮੇਂ ਵਿੱਚ ਵਿਕਸਿਤ ਹੋ ਰਹੇ ਯਾਤਰਾ ਦੇ ਫੈਸ਼ਨ ਦੇ ਸੰਕੇਤ ਨੂੰ ਉਲਕਦੀ ਹੈ, ਜਿੱਥੇ ਲੋਕ ਗਰੁੱਪਾਂ ਦੇ ਰੂਪ ਵਿੱਚ ਵੱਖ-ਵੱਖ ਦੇਸ਼ਾਂ ਅਤੇ ਥਾਵਾਂ ਦੀ ਯਾਤਰਾ ਕਰਦੇ ਹਨ। ਸਮਾਂਥਾ ਦਾ ਵੀ ਕਦੇ-ਕਦਾਈਂ ਅਜਿਹੇ ਗਰੁੱਪਾਂ ਨਾਲ ਜਾਣਾ ਇਹ ਦਰਸਾਉਂਦਾ ਹੈ ਕਿ ਉਹ ਸਮਾਜਿਕ ਸੰਬੰਧਾਂ ਅਤੇ ਸਾਂਝੀ ਯਾਤਰਾ ਦੇ ਤਜਰਬੇ ਤੋਂ ਪੂਰੀ ਤਰ੍ਹਾਂ ਵੱਖ ਨਹੀਂ ਹੈ, ਪਰ ਉਸ ਦੀ ਅਸਲ ਪਸੰਦ ਸੁਤੰਤਰ ਯਾਤਰਾ ਹੈ। ਇਕੱਲੇ ਸਫ਼ਰ ਕਰਨ ਵਿੱਚ ਵਿਅਕਤੀ ਆਪਣੇ ਸਮੇਂ, ਰਸਤੇ, ਥਾਂ, ਤਜਰਬਿਆਂ ਅਤੇ ਫ਼ੈਸਲਿਆਂ ਦਾ ਖ਼ੁਦ ਮਾਲਕ ਹੁੰਦਾ ਹੈ; ਉਸ ਨੂੰ ਕਿਸੇ ਹੋਰ ਦੀ ਪਸੰਦ ਜਾਂ ਸੁਵਿਧਾ ਅਨੁਸਾਰ ਆਪਣੇ ਤਜਰਬੇ ਨੂੰ ਸੀਮਤ ਨਹੀਂ ਕਰਨਾ ਪੈਂਦਾ। ਇਹ ਉਸਦੀ ਵਿਅਕਤੀਵਾਦੀ ਸੋਚ ਨੂੰ ਪ੍ਰਗਟ ਕਰਦਾ ਹੈ।

ਅਗਲੇ ਹੀ ਪੜਾਅ 'ਤੇ ਆਕੇ ਉਹ ਆਪਣੇ ਡਰਾਕਲ ਵਿਵਹਾਰ ਨੂੰ ਸਾਹਮਣੇ ਰੱਖਦੀ ਹੈ ਉਸਦੇ ਚਿਤਨ ਵਿੱਚ ਨਾਰੀ ਦੀ ਸੁਰੱਖਿਆ ਨੂੰ ਲੈਕੇ ਸਵਾਲ ਉਠਦੇ ਹਨ। ਉਹ ਵਿਵਸਥਾ ਨੂੰ ਕਮਜੋਰ ਸਮਝਦੀ ਹੈ ਉਸਦੀ ਸੋਚਣ ਦ੍ਰਿਸ਼ਟੀ ਤੇ ਮਰਦਾਵੀਂ ਹੈਂਕੜ ਹਾਵੀ ਹੈ। ਉਸਦੀ ਮਨੋਦ੍ਰਿਸ਼ਟੀ ਸਮਾਂਥਾ ਨਾਲ ਵਾਰਤਾਲਾਪ ਤੋਂ ਅਭਿਵਿਅਕਤ ਹੁੰਦੀ ਹੈ ਜਿਵੇਂ:

"ਹਾਂ ਸਮਾਂਥਾ, ਮੈਨੂੰ ਬਹੁਤ ਡਰ ਲੱਗਦਾ। ਦੇਖ ਕਿੰਨੀਆਂ ਡਰਾਉਣੀਆਂ ਖ਼ਬਰਾਂ ਆਉਂਦੀਆਂ। ਪਿਛਲੇ ਵੀਕ ਮੇਰੀ ਇੱਕ ਕਲਾਸਮੇਟ ਨੇ ਦੱਸਿਆ

ਕਿ ਸਾਡੇ ਪੰਜ-ਸੱਤ ਮੁੰਡਿਆਂ ਨੇ ਇੱਕ ਇਲੀਗਲ ਕੁੜੀ ਨੂੰ ਘੇਰਿਆ ਹੋਇਆ ਸੀ। ਇੱਕ ਪੰਜਾਬੀ ਬਜ਼ੁਰਗ ਨੇ ਉਸ ਨੂੰ ਛਡਾਇਆ। ਜੇ ਉਹ ਨਾ ਆਉਂਦਾ ਤਾਂ ਉਸ ਵਿਚਾਰੀ ਨਾਲ ਪਤਾ ਨ੍ਹੀਂ ਕੀ ਬੀਤਣਾ ਸੀ.....।"[9]

ਪਾਤਰ ਦੁਆਰਾ ਕਹੇ ਵਾਕ 'ਮੈਨੂੰ ਬਹੁਤ ਡਰ ਲੱਗਦਾ' ਕਹਿਣਾ ਸਿਰਫ਼ ਨਿੱਜੀ ਡਰ ਦਾ ਪ੍ਰਗਟਾਵਾ ਨਹੀਂ ਹੈ ਇਹ ਉਸ ਸਮਾਜਕ ਵਾਤਾਵਰਨ ਦੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ ਔਰਤ ਨੂੰ ਆਪਣੀ ਸੁਰੱਖਿਆ ਪ੍ਰਤੀ ਹਰ ਸਮੇਂ ਸੁਚੇਤ ਰਹਿਣਾ ਪੈਂਦਾ ਹੈ। ਸਮਕਾਲੀ ਸਮਾਜ ਵਿੱਚ ਔਰਤਾਂ ਵਿਰੁੱਧ ਵਾਪਰ ਰਹੀਆਂ ਹਿੰਸਕ ਘਟਨਾਵਾਂ ਦਾ ਮਾਨਸਿਕ ਪ੍ਰਭਾਵ ਸਾਹਮਣੇ ਆਉਂਦਾ ਹੈ। ਇੱਕ ਪਾਸੇ ਉਹ ਔਰਤ ਹੋਣ ਕਰਕੇ ਲਿੰਗਕ ਹਿੰਸਾ ਦੇ ਖ਼ਤਰੇ ਹੇਠ ਹੈ ਅਤੇ ਦੂਜੇ ਪਾਸੇ ਗੈਰ-ਕਾਨੂੰਨੀ ਪਰਵਾਸੀ ਹੋਣ ਕਾਰਨ ਉਸ ਦੀ ਸਮਾਜਕ ਅਤੇ ਕਾਨੂੰਨੀ ਸਥਿਤੀ ਵੀ ਕਮਜ਼ੋਰ ਹੈ। ਪੰਜ-ਸੱਤ ਮੁੰਡਿਆਂ ਵੱਲੋਂ ਇੱਕ ਇਕੱਲੀ ਕੁੜੀ ਨੂੰ ਘੇਰ ਲੈਣਾ ਤਾਕਤ ਦੇ ਅਸਮਾਨ ਸਮੀਕਰਨ ਨੂੰ ਪ੍ਰਗਟ ਕਰਦਾ ਹੈ, ਜਿੱਥੇ ਸਮੂਹਿਕ ਮਰਦਾਨਾ ਤਾਕਤ ਦੇ ਮੁਕਾਬਲੇ ਇਕੱਲੀ ਔਰਤ ਬੇਵੱਸ ਦਿਖਾਈ ਦਿੰਦੀ ਹੈ। ਇੱਥੇ ਬਿਰਤਾਂਤਕਾਰ ਪੰਜਾਬੀਅਤ ਨੂ ਵਿਦੇਸ਼ਾਂ ਵਿੱਚ ਜਿਉਂਦਾ ਰੱਖਣਾ ਲੋਚਦਾ ਹੈ।

ਬੇਸ਼ੱਕ ਇਸ ਕਹਾਣੀ ਦਾ ਬਿਰਤਾਂਤ ਯੂਰੋਪ ਦੀ ਧਰਤੀ ਦਾ ਹੈ ਪਰ ਡਰ ਅਤੇ ਅਸੁਰੱਖਿਆ ਹਰ ਸਮਾਜ ਦੀ ਸਮੱਸਿਆ ਹੈ। ਡਰ ਤੇ ਕਾਬੂ ਪਉਣ ਅਤੇ ਡਰ ਨੂੰ ਜਿੱਤਣ ਦੀ ਗੱਲ ਆਪਸੀ ਵਾਰਤਾਲਾਪ ਤੋਂ ਸਹਿਜੇ ਹੀ ਬਿਆਨ ਹੁੰਦੀ ਹੈ ਕਹਾਣੀ ਦੇ ਬਿਰਤਾਂਤ ਨੂੰ ਸਮਝਣ ਲੱਗਿਆਂ ਇੱਕ ਗੱਲ ਸਾਫ ਨਜਰ ਆਉਂਦੀ ਹੈ ਕਿ ਕਹਾਣੀਕਾਰ ਜਿੱਥੇ ਪੰਜਾਬੀਆਂ ਦੇ ਵਿਵਹਾਰ ਨੂੰ ਵਿਦੇਸ਼ ਵਿੱਚ ਸ਼ੋਸ਼ਣਕਾਰੀ ਮਨਦਾ ਹੈ ਪਰ ਦੂਜੇ ਪਾਸੇ ਉਹ ਪੰਜਾਬੀ ਸਮਾਜ ਦੀ ਸਲਾਹੁਣਾ ਵੀ ਕਰਦਾ ਹੈ। ਸਾਇਦ ਉਹ ਆਪਣੇ ਸਮਾਜ ਤੋਂ ਡਰਦਾ ਹੈ ਡਰ ਦੀ ਪ੍ਰਵਿਰਤੀ ਹਰ ਥਾਂ ਹੈ ਡਰ ਨੂੰ ਸਮਝਣ ਲਈ ਪਾਕਿਸਤਾਨੀ ਪੰਜਾਬੀ ਦੇ ਪ੍ਰਸਿੱਧ ਗਜ਼ਲਗੋ ਤਜੱਮਲ ਕਲੀਮ ਦੇ ਬੰਦਾ ਨੂੰ ਵਾਚਿਆ ਜਾਂ ਸਕਦਾ ਹੈ ਮਿਸਾਲ ਵਜੋਂ:

> "ਜਿਸ ਦਿਨ ਨਾ ਮਜ਼ਦੂਰੀ ਲੱਭੇ ਬੂਹੇ ਵੱਲੋਂ ਘਰ ਨਈਂ ਜਾਂਦਾ
> ਮੇਰਾ ਸੀਨਾ ਦਮ ਕਰਵਾਓ ਮੇਰੇ ਅੰਦਰੋਂ ਡਰ ਨਈਂ ਜਾਂਦਾ" [10]
> "ਡੁੱਬ ਜਾਵਾਂ ਤੇ ਪਾਣੀ ਮੈਨੂੰ ਪੀ ਜਾਵੇ ਅੱਥਰੂ ਬਣ ਕੇ ਤਰਨਾ ਵਾਂ, ਤੇ ਪੀਨਾ ਵਾਂ
> ਮੈਨੂੰ ਡਰ ਏ, ਡਰ ਨਾ ਅੱਗਾਂ ਲਾ ਦੇਵੇ ਇਹ ਨਾ ਸਮਝੀ ਡਰਨਾ ਵਾਂ, ਤੇ ਪੀਨਾ ਵਾਂ"[11]

ਇਹ ਸਤਰਾਂ ਕਿਰਤੀ-ਮਜ਼ਦੂਰ ਵਰਗ ਦੀ ਆਰਥਿਕ ਬੇਵਸੀ, ਭੁੱਖ ਅਤੇ ਅਸੁਰੱਖਿਆ ਦਾ ਬੜਾ ਮਾਰਮਿਕ ਚਿੱਤਰਣ ਹੈ। 'ਮਜ਼ਦੂਰੀ ਨਾ ਲੱਭਣਾ' ਸਿਰਫ਼ ਰੁਜ਼ਗਾਰ ਦੀ ਅਣਹੋਂਦ ਹੈ। ਰੋਜ਼ੀ-ਰੋਟੀ ਦਿਹਾੜੀ ਦੀ ਕਮਾਈ ਉੱਤੇ ਨਿਰਭਰ ਹੈ। ਮਜ਼ਦੂਰ ਲਈ ਕੰਮ ਨਾ ਮਿਲਣ ਦਾ ਅਰਥ ਘਰ ਵਿੱਚ ਚੁੱਲ੍ਹਾ ਨਾ ਬਲਣਾ, ਪਰਿਵਾਰ ਦੀਆਂ ਲੋੜਾਂ ਪੂਰੀਆਂ ਨਾ ਹੋਣਾ ਅਤੇ ਬੱਚਿਆਂ ਦੀ ਭੁੱਖ ਸਾਹਮਣੇ ਆਪਣੇ ਆਪ ਨੂੰ ਬੇਵੱਸ ਮਹਿਸੂਸ ਕਰਨਾ ਹੈ। ਕਾਰਨ ਕੋਈ ਵੀ ਹੋਵੇ ਪਰ ਦਾ ਮਾਹੌਲ ਜਿਹਨ ਅੰਦਰ ਜਾਇਜ ਜਿਸ ਦਿਨ ਮਜ਼ਦੂਰੀ ਨਹੀਂ ਮਿਲਦੀ, ਉਹ ਘਰ ਦੇ ਬੂਹੇ ਵੱਲ ਮੁੜਨ ਤੋਂ ਵੀ ਡਰਦਾ ਹੈ ਅਤੇ ਅੰਦਰਲੇ ਡਰ, ਘਬਰਾਹਟ ਅਤੇ ਮਾਨਸਿਕ ਪੀੜਾ ਨੂੰ ਪ੍ਰਗਟ ਕੀਤਾ ਗਿਆ ਹੈ। ਇਹ ਸਤਰਾਂ ਕਿਰਤੀ ਵਰਗ ਦੀ ਦੁਰਦਸ਼ਾ, ਬੇਰੁਜ਼ਗਾਰੀ, ਗਰੀਬੀ ਅਤੇ ਸ਼ੋਸ਼ਣ ਨੂੰ ਯਥਾਰਥਵਾਦੀ ਢੰਗ ਨਾਲ ਉਜਾਗਰ ਕਰਦੀਆਂ ਹਨ। ਕਵੀ ਨੇ ਬਹੁਤ ਸਧਾਰਨ ਲੋਕ-ਭਾਸ਼ਾ ਰਾਹੀਂ ਮਜ਼ਦੂਰ ਦੇ ਅੰਦਰਲੇ ਸੰਤਾਪ ਨੂੰ ਆਵਾਜ਼ ਦਿੱਤੀ ਹੈ

ਬੇਸ਼ੱਕ ਕਹਾਣੀਕਾਰ ਨੇ ਸਮਾਂਥਾ ਨੂੰ ਇੱਕ ਨਿਡਰ ਅਤੇ ਦ੍ਰਿੜ੍ਹ ਇਰਾਦੇ ਵਾਲੀ ਪਾਤਰ ਵਜੋਂ ਪੇਸ਼ ਕੀਤਾ ਹੈ, ਪਰ ਕਥਾ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਅਜਿਹੇ ਤੱਤ ਸਾਹਮਣੇ ਲਿਆਉਂਦੀਆਂ ਹਨ, ਜਿਨ੍ਹਾਂ ਦੇ ਆਧਾਰ 'ਤੇ ਸਮਾਂਥਾ ਦੇ ਨਿਡਰ ਵਿਅਕਤਿਤਵ ਦਾ ਚਿੱਤਰਣ ਲਾਜ਼ਮੀ ਬਣ ਜਾਂਦਾ ਹੈ। ਬਗਦਾਦ ਦੇ ਦੌਰੇ ਦੌਰਾਨ ਸਮਾਂਥਾ ਨਾਲ ਵਾਪਰਦੀ ਜ਼ਿਆਦਤੀ ਉਸ ਦੇ ਜੀਵਨ ਵਿੱਚ ਇੱਕ ਗੰਭੀਰ ਮਾਨਸਿਕ ਸੰਕਟ ਪੈਦਾ ਕਰਦੀ ਹੈ। ਇਸ ਪ੍ਰਸੰਗ ਵਿੱਚ 'ਸੇਫਟੀ ਕਿੱਟ' ਬਾਰੇ ਉਸ ਦੀ ਜਾਣਕਾਰੀ ਉਸ ਲਈ ਇੱਕ ਮਹੱਤਵਪੂਰਨ ਮਾਨਸਿਕ ਅਤੇ ਵਿਹਾਰਕ ਸਹਾਰਾ ਬਣਦੀ ਹੈ। ਜੇਕਰ ਉਹ ਇਸ ਸਾਧਨ ਅਤੇ ਇਸ ਦੀ ਵਰਤੋਂ ਬਾਰੇ ਜਾਣੂ ਨਾ ਹੁੰਦੀ ਤਾਂ ਸੰਭਵ ਹੈ ਕਿ ਉਹ ਆਪਣੇ ਨਾਲ ਵਾਪਰੀ ਘਟਨਾ ਨੂੰ ਆਪਣੀ ਜ਼ਿੰਦਗੀ ਦਾ ਅੰਤ ਸਮਝ ਲੈਂਦੀ ਮਿਸਾਲ ਵਜੋਂ:

"ਮੈਂ ਬਗਦਾਦ ਪਹੁੰਚ ਕੇ ਉਸ ਥਾਂ ਦਾ ਪਤਾ ਕਰ ਲਿਆ। ਉਹ ਚੌਕ ਹਾਲੇ ਵੀ ਪੁਰਾਣੇ ਬਗਦਾਦ 'ਚ ਕਿਤੇ ਹੈ ਸੀ। ਇੱਕ ਟੈਕਸੀ ਡਰਾਈਵਰ ਟੁੱਟੀ-ਫੁੱਟੀ ਇੰਗਲਿਸ਼ 'ਚ ਕਹਿਣ ਲੱਗਾ ਕਿ ਉਹ ਮੈਨੂੰ ਉੱਥੇ ਲੈ ਜਾਵੇਗਾ। ਵਾਪਸ ਮੁੜਦਿਆਂ ਅਚਾਨਕ ਝਟਕੇ ਨਾਲ ਟੈਕਸੀ ਇੱਕ ਕੱਚੇ ਘਰ

*Journal of Punjabi Insights (JPI)* *Vol. 2 Issue II* *(April to june 2026)*
**Website: www. punjabiinsights.in ISSN: 31074286 (online)** **Pages 7-14**

ਮੂਹਰੇ ਰੁਕੀ। ਡਰਾਈਵਰ ਨੇ ਗੰਨ ਮੇਰੇ ਵੱਲ ਸਿੱਧੀ ਕੀਤੀ। ਟੈਕਸੀ 'ਚੋਂ ਨਿਕਲ ਕੇ ਨਾਲ ਤੁਰਨ ਲਈ ਕਿਹਾ। ਮੇਰੀ ਤਾਂ ਜਿੱਦਾਂ ਦੁਨੀਆ ਹੀ ਘੁੰਮ ਗਈ ਹੋਵੇ । ਮੈਨੂੰ ਲੱਗਿਆ ਕਿ ਹੁਣ ਵੀ ਗੋਲੀ ਚੱਲੀ ਕਿ ਹੁਣ ਵੀ ਚੱਲੀ। ਉਸ ਨੇ ਇੱਕ ਕੱਚੇ ਜਿਹੇ ਘਰ ਦੇ ਅੰਦਰ ਲੈ ਜਾ ਕੇ ਮੈਨੂੰ ਕੱਪੜੇ ਲਾਹੁਣ ਦਾ ਹੁਕਮ ਦਿੱਤਾ। ਹੁਣ ਮੇਰੇ ਕੋਲ ਦੋ ਰਾਹ ਸਨ। ਜਾਂ ਤਾਂ ਗੋਲੀ ਖਾਵਾਂ ਜਾਂ ਫੇਰ ਉਹ ਦਾ ਕਹਿਣਾ ਮੰਨਾਂ। ਟੈਕਸੀ ਡਰਾਈਵਰ ਨੇ ਮੇਰੇ ਨਾਲ ਜਬਰ-ਦਸਤੀ ਕੀਤੀ। ਜੇ ਮੈਂ ਰਿਚਰਡਸਨ ਅਕੈਡਮੀ ਜੁਆਇਨ ਨਾ ਕੀਤੀ ਹੁੰਦੀ ਤਾਂ ਪਤਾ ਨ੍ਹੀਂ ਮੇਰੀ ਮਨੋ-ਸਥਿਤੀ ਕਿੱਦਾਂ ਦੀ ਹੋਣੀ ਸੀ। ਮੈਂ ਜਿਊਣਾ ਸੀ। ਮੈਂ ਇਸ ਸਭ ਕੁਸ਼ ਬਾਰੇ ਪਹਿਲਾਂ ਹੀ ਸੋਚ ਕੇ ਗਈ ਸਾਂ।"[12]

ਇੱਥੇ ਕਹਾਣੀਕਾਰ ਬਲਾਤਕਾਰ ਨੂੰ ਔਰਤ ਦੀ ਪੂਰੀ ਹੋਂਦ ਨੂੰ ਖ਼ਤਮ ਕਰ ਦੇਣ ਵਾਲੀ ਘਟਨਾ ਵਜੋਂ ਸਵੀਕਾਰ ਕਰਨ ਵਾਲੀ ਰਵਾਇਤੀ ਮਾਨਸਿਕਤਾ ਨੂੰ ਚੁਣੌਤੀ ਦਿੰਦਾ ਹੈ। ਸਮਾਂਥਾ ਲਈ ਬਲਾਤਕਾਰ ਉਸ ਦੀ ਜ਼ਿੰਦਗੀ ਦਾ ਅੰਤ ਨਹੀਂ, ਸਗੋਂ ਇੱਕ ਅਜਿਹਾ ਦੁਖਦਾਈ ਅਨੁਭਵ ਹੈ ਜਿਸ ਤੋਂ ਬਾਅਦ ਵੀ ਜੀਵਨ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਇਸ ਤਰ੍ਹਾਂ ਪਾਤਰ ਦਾ ਨਿਡਰ ਬਿਰਤਾਂਤ ਸਿਰਫ਼ ਉਸ ਦੀ ਨਿੱਜੀ ਹਿੰਮਤ ਦਾ ਪ੍ਰਗਟਾਵਾ ਨਹੀਂ ਬਲਕਿ ਔਰਤ ਦੀ ਆਤਮ-ਨਿਰਭਰਤਾ, ਜੀਵਨ ਪ੍ਰਤੀ ਮਰਦਾਵੀਂ ਸੋਚ ਦੇ ਵਿਰੋਧ ਦਾ ਪ੍ਰਤੀਕ ਬਣ ਜਾਂਦਾ ਹੈ।

ਸਮਾਂਥਾ ਦੇ ਬਗਦਾਦ-ਵਿਰਤਾਂਤ ਰਾਹੀਂ ਕਹਾਣੀਕਾਰ ਇਹ ਸੰਦੇਸ਼ ਉਭਾਰਦਾ ਹੈ ਕਿ ਜ਼ਬਰਦਸਤੀ ਜਾਂ ਲਿੰਗਕ ਹਿੰਸਾ ਦੀ ਘਟਨਾ ਪੀੜਤ ਔਰਤ ਦੀ ਪਛਾਣ, ਮਾਣ ਅਤੇ ਭਵਿੱਖ ਨੂੰ ਨਿਰਧਾਰਤ ਨਹੀਂ ਕਰ ਸਕਦੀ। ਇਸੇ ਕਰਕੇ ਸਮਾਂਥਾ ਦਾ ਪਾਤਰ ਪੀੜਤਾ ਦੀ ਬੇਵਸੀ ਤੋਂ ਉੱਪਰ ਉੱਠ ਕੇ ਸੰਘਰਸ਼ਸ਼ੀਲ ਅਤੇ ਜੀਵਨ-ਮੁਖੀ ਔਰਤ ਦੀ ਤਸਵੀਰ ਪੇਸ਼ ਕਰਦਾ ਹੈ। ਡਾ. ਗੁਰਪਾਲ ਸਿੰਘ ਸੰਧੂ ਪਾਤਰ ਸਮਾਂਥਾ ਦੇ ਕਿਰਦਾਰ ਰਾਹੀਂ 'ਸੇਫਟੀ ਕਿੱਟ' ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ:

"ਸੇਫਟੀ ਕਿੱਟ' ਵੀ ਅਸਲ ਵਿੱਚ ਉਹ ਤਰਜ਼ੇ-ਜ਼ਿੰਦਗੀ ਹੀ ਹੈ, ਜਿਸ ਰਾਹੀਂ ਉਹ ਜ਼ਿੰਦਗੀ ਵਿੱਚ ਵਾਪਰਨ ਵਾਲੀਆਂ ਹਾਰਾਂ ਤੇ ਅਣਹੋਣੀਆਂ ਤੋਂ ਬਾਵਜੂਦ ਵੀ ਉਸਨੂੰ ਖਤਮ ਕਰਨ ਦੀ ਭਾਵਨਾ ਮਨ ਵਿੱਚ ਲਿਆਉਣ ਦੀ ਬਜਾਏ ਉਸ ਨੂੰ ਫਿਰ ਤੋਂ ਜਿਊਣ ਦੇ ਕਾਬਿਲ ਰੱਖ ਸਕੇ।"[13]

'ਸੇਫ਼ਟੀ ਕਿੱਟ' ਦਾ ਇਸ ਸਮਾਜ ਨੂੰ ਮਹੱਤਵ ਦੱਸਿਆ ਗਿਆ ਹੈ। ਐਂਟੀ-ਬਾਇਓਟਿਕ ਗੋਲੀਆਂ, ਮਲ੍ਹਮ ਅਤੇ ਪਲਾਸਟਰ ਵਰਗੀਆਂ ਵਸਤਾਂ ਆਮ ਸਰੀਰਕ ਸੱਟਾਂ ਤੋਂ ਬਚਾਅ ਦੇ ਸਾਧਨ ਹਨ, ਪਰ ਗੱਲਬਾਤ ਜਦੋਂ ਬਲਾਤਕਾਰ ਦੇ ਖ਼ਤਰੇ ਤੱਕ ਪਹੁੰਚਦੀ ਹੈ ਤਾਂ ਇਹ ਕਿੱਟ ਔਰਤ ਦੀ ਸੁਰੱਖਿਆ ਨਾਲ ਜੁੜੀ ਵਿਆਪਕ ਚਿੰਤਾ ਦਾ ਪ੍ਰਤੀਕ ਬਣ ਜਾਂਦੀ ਹੈ। ਦੂਜੇ ਪਾਸੇ, ਔਰਤ ਨੂੰ ਹਿੰਸਾ ਤੋਂ ਬਚਣ ਲਈ ਤਿਆਰ ਕਰਨਾ ਕਾਫ਼ੀ ਹੈ ਜਾਂ ਸਮਾਜ ਨੂੰ ਹਿੰਸਾ ਕਰਨ ਵਾਲੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ? ਬਲਾਤਕਾਰ ਨੂੰ ਸੰਭਾਵਿਤ 'ਖ਼ਤਰੇ' ਵਜੋਂ ਸਵੀਕਾਰ ਕਰਕੇ ਉਸ ਲਈ ਔਰਤ ਨੂੰ ਤਿਆਰ ਕਰਨਾ ਕਿਤੇ ਨਾ ਕਿਤੇ ਉਸ ਸਮਾਜਕ ਵਿਵਸਥਾ ਦੀ ਵਿਡੰਬਨਾ ਵੀ ਹੈ।

ਜਦੋਂ ਮੈਂ ਪਾਤਰ ਸਮਾਂਥਾ ਤੋਂ ਉਸਦੀ ਹਿੰਮਤ ਅਤੇ ਸੇਫਟੀ ਕਿੱਟ ਬਾਰੇ ਪੁਸ਼ਦੀ ਹੈ ਤਾਂ ਉਹ ਆਪਣੇ ਪੇਸ਼ੇ ਅਨੁਸਾਰ ਰੇਪ ਨਾਰਮਲ ਹੈ, ਦੱਸਣ ਲਗਦੀ ਹੈ। ਕਿਉਕਿ ਉਸਨੇ ਲੰਡਨ ਦੀ ਇੱਕ ਅਕਾਦਮੀ 'ਚੋ ਟ੍ਰੇਨਿੰਗ ਲਈ ਹੈ। ਸੇਫਟੀ ਕਿੱਟ ਨਾਲ ਸੰਬਧਿਤ ਇਸੇ ਟਰੈਵਲਰਾ ਟ੍ਰੇਨਿੰਗ ਕੈਂਪ ਚੋਂ ਸਿੱਖਿਆ ਗਰੀਨ ਕਰਦੀ ਹੈ ਮਿਸਾਲ ਵਜੋਂ:

"ਯੈਹ, ਇਹ ਅਕੈਡਮੀ ਸੈਂਟਰਲ ਲੰਡਨ 'ਚ ਏ। ਇਹ ਦਾ ਪਤਾ ਮੈਨੂੰ ਜੈਨੀਫਰ ਨੇ ਦਿੱਤਾ ਸੀ। ਇਸ ਅਕੈਡਮੀ 'ਚ ਦੁਨੀਆ ਘੁੰਮਣ ਵਾਲੇ ਟਰੈਵਲਰਾਂ ਨੂੰ ਵਿਸ਼ੇਸ਼ ਟਰੇਨਿੰਗ ਦਿੱਤੀ ਜਾਂਦੀ ਏ। ਸਭ ਤੋਂ ਜ਼ਰੂਰੀ ਗੱਲ ਤੁਹਾਡੀ ਸੇਫ਼ਟੀ ਬਾਰੇ ਦੱਸੀ ਜਾਂਦੀ ਏ। ਸਭ ਤੋਂ ਵੱਡਾ ਖਤਰਾ ਔਰਤ ਲਈ ਰੇਪ ਦਾ ਹੁੰਦਾ। ਭਾਵੇਂ ਇਹ ਘਟਨਾ ਬਹੁਤ ਘੱਟ ਵਾਪਰਦੀ ਏ ਪਰ ਕਦੇ ਵੀ ਵਾਪਰ ਸਕਦੀ ਏ। ਜੇ ਤੁਸੀਂ ਮੇਰੇ ਵਾਂਗੂ ਐਡਵੈਂਚਰਸ ਬਣਨਾ ਤਾਂ ਮਾਨਸਿਕ ਤੌਰ 'ਤੇ ਐਦਾਂ ਦੀਆਂ

ਗੱਲਾਂ ਲਈ ਤਿਆਰ ਰਹਿਣਾ ਪੈਣਾ। ਇਸ ਟਰੇਨਿੰਗ 'ਚ ਇੱਕ ਸੇਫ਼ਟੀ ਕਿੱਟ ਵੀ ਦਿੱਤੀ ਜਾਂਦੀ ਏ।"

"ਸੇਫ਼ਟੀ ਕਿੱਟ ? ਕੀ ਹੁੰਦਾ ਇਹਦੇ 'ਚ ?"

"ਇਹਦੇ 'ਚ ਐਂਟੀ-ਬਾਇਓਟਿਕ ਗੋਲੀਆਂ, ਮਲ੍ਹਮ, ਪਲਾਸਟਰ ਵਗੈਰਾ ਹੁੰਦਾ ।"

"ਸਮਾਂਥਾ, ਰੇਪ ਲਈ ਤਿਆਰ ਰਹਿਣ ਦੀ ਗੱਲ ਤੂੰ ਐਦਾਂ ਕਰ ਰਹੀ ਆਂ ਜਿੱਦਾਂ ਕੋਈ ਕਹੇ ਕਿ ਥੱਪੜ ਖਾਣ ਲਈ ਤਿਆਰ ਹੋ ਜਾ।"[14]

ਕਹਾਣੀਕਾਰ ਨੇ ਪਰਵਾਸੀ ਜੀਵਨ, ਯਾਤਰਾ-ਸੱਭਿਆਚਾਰ, ਔਰਤ ਦੀ ਸੁਰੱਖਿਆ ਅਤੇ ਲਿੰਗਕ ਹਿੰਸਾ ਦੇ ਖ਼ਤਰੇ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਿਆ ਹੈ। ਸਮਾਂਥਾ ਵੱਲੋਂ ਲੰਡਨ ਦੀ ਅਕੈਡਮੀ ਵਿੱਚ ਦਿੱਤੀ ਜਾਂਦੀ ਵਿਸ਼ੇਸ਼ ਟਰੇਨਿੰਗ ਦਾ ਬਿਰਤਾਂਤ ਇਹ ਦਰਸਾਉਂਦਾ ਹੈ ਕਿ ਆਧੁਨਿਕ ਯਾਤਰਾ ਸਿਰਫ਼ ਘੁੰਮਣ-ਫਿਰਨ ਅਤੇ ਰੋਮਾਂਚ ਦਾ ਸਾਧਨ ਨਹੀਂ, ਸਗੋਂ ਵੱਖ-ਵੱਖ ਦੇਸ਼ਾਂ ਦੇ ਸਮਾਜਕ, ਸੱਭਿਆਚਾਰਕ ਅਤੇ ਸੁਰੱਖਿਆ-ਸਬੰਧੀ ਖ਼ਤਰਿਆਂ ਨੂੰ ਸਮਝਣ ਦੀ ਮੰਗ ਵੀ ਕਰਦੀ ਹੈ। ਯਾਤਰੀ ਲਈ ਸਰੀਰਕ ਸੁਰੱਖਿਆ ਸਭ ਤੋਂ ਲਾਜਮੀ ਹੈ। ਲੁੱਟ, ਕੁੱਟ-ਮਾਰ ਅਤੇ ਜਾਨ ਦੇ ਖ਼ਤਰੇ ਦੇ ਨਾਲ ਔਰਤ ਲਈ ਵੱਖਰੇ ਤੌਰ ’ਤੇ ਦਰਸਾਉਣਾ ਸਮਾਜ ਵਿੱਚ ਮੌਜੂਦ ਲਿੰਗਕ ਅਸਮਾਨਤਾ ਅਤੇ ਔਰਤ ਦੇ ਸਰੀਰ ਉੱਤੇ ਹੋਣ ਵਾਲੀ ਹਿੰਸਾ ਦੀ ਹਕੀਕਤ ਨੂੰ ਉਜਾਗਰ ਕਰਦਾ ਹੈ। ਖ਼ਤਰੇ ਤੋਂ ਬਚਾਅ ਲਈ ਸਰੀਰਕ ਸਾਧਨਾਂ ਦੇ ਨਾਲ ਮਾਨਸਿਕ ਤਿਆਰੀ ਵੀ ਜ਼ਰੂਰੀ ਹੈ।
ਕਹਾਣੀਕਾਰ ਸਮੂਹ ਨਾਰੀ ਲਈ ਇਹ ਮਹੱਤਵਪੂਰਨ ਸੰਦੇਸ਼ ਉਭਾਰਦਾ ਹੈ ਕਿ ਬਲਾਤਕਾਰ ਵਰਗੀ ਦੁਖਦਾਈ ਘਟਨਾ ਨੂੰ ਜੀਵਨ ਦਾ ਅੰਤ ਮੰਨਣ ਦੀ ਬਜਾਇ ਉਸ ਦਾ ਸਾਹਮਣਾ ਹਿੰਮਤ ਅਤੇ ਦ੍ਰਿੜ੍ਹਤਾ ਨਾਲ ਕਰਨਾ ਚਾਹੀਦਾ ਹੈ। ਅਜਿਹੀਆਂ ਪਰਿਸਥਿਤੀਆਂ ਅੱਗੇ ਹਾਰ ਮੰਨਣ ਜਾਂ ਆਪਣੀ ਜ਼ਿੰਦਗੀ ਖ਼ਤਮ ਕਰਨ ਦੀ ਥਾਂ ਔਰਤ ਨੂੰ ਆਪਣੀ ਹੋਂਦ ਨੂੰ ਮੁੜ ਸਥਾਪਿਤ ਕਰਦਿਆਂ ਨਵੇਂ ਸਿਰੇ ਤੋਂ ਜੀਵਨ ਦੀ ਸ਼ੁਰੂਆਤ ਕਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ। ਕਹਾਣੀਕਾਰ ਇਸ ਜੀਵਨ-ਮੁਖੀ ਅਤੇ ਸੰਘਰਸ਼ਸ਼ੀਲ ਦ੍ਰਿਸ਼ਟੀਕੋਣ ਨੂੰ ਬੜੇ ਹੀ ਸਹਿਜ, ਪ੍ਰਭਾਵਸ਼ਾਲੀ ਅਤੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਦਾ ਹੈ। ਪਾਤਰ ਸਮਾਂਥਾ ਦੇ ਬੋਲ ਚਿੰਤਨ ਦੀ ਮੰਗ ਕਰਦੇ ਹਨ ਜਿਵੇਂ:

ਮਾਈ ਡਾਰਲਿੰਗ, ਰੇਪ ਇੱਕ ਹਉਆ ਜ਼ਰੂਰ ਏ ਪਰ ਇਹਦੇ ਕੋਲੋਂ ਐਨਾ ਨਾ ਡਰ ਕਿ ਜਿਉਣਾ ਹੀ ਛੱਡ ਦੇਵੇਂ।”[15]
“ਨ੍ਹੀਂ ਸਮਾਂਥਾ, ਪਾਰਕ 'ਚ ਦੀ ਤੁਰ ਕੇ ਚੱਲਦੀਆਂ।” ਮੈਂ ਉਸ ਦਾ ਹੱਥ ਫੜੀ, ਸੜਕ ਲੰਘ ਕੇ ਉਸ ਪਾਰਕ ਵਿੱਚ ਜਾ ਵੜ੍ਹੀ ਜਿੱਧਰ ਦੀ ਅਸੀਂ ਆਈਆਂ ਸਾਂ”[16]

ਕਹਾਣੀ ਦੇ ਆਰੰਭ ਤੋਂ ਲੈ ਕੇ ਅੰਤ ਤੱਕ ਮੈਂ ਪਾਤਰ ਆਪਣੀ ਨਿੱਜੀ ਜ਼ਿੰਦਗੀ ਵਿੱਚ ਡਰ ਅਤੇ ਅਸੁਰੱਖਿਆ ਦੀ ਪ੍ਰਵਿਰਤੀ ਦਾ ਧਾਰਨੀ ਹੈ, ਉਹ ਕਹਾਣੀ ਦੇ ਅੰਤਲੇ ਪੜਾਅ ’ਤੇ ਆਪਣੇ ਅੰਦਰਲੇ ਡਰ ਨੂੰ ਪਾਰ ਕਰਦਿਆਂ ਇੱਕ ਮਜ਼ਬੂਤ ਅਤੇ ਆਤਮ-ਵਿਸ਼ਵਾਸੀ ਪਾਤਰ ਵਜੋਂ ਸਥਾਪਿਤ ਹੁੰਦਾ ਹੈ। ਸ਼ੁਰੂਆਤ ਵਿੱਚ ਜਿਹੜੀਆਂ ਸਥਿਤੀਆਂ ਉਸ ਦੇ ਅੰਦਰ ਭੈ ਅਤੇ ਅਸੁਰੱਖਿਆ ਪੈਦਾ ਕਰਦੀਆਂ ਸਨ, ਅੰਤ ਤੱਕ ਪਹੁੰਚਦਿਆਂ ਉਹਨਾਂ ਪ੍ਰਤੀ ਉਸ ਦਾ ਦ੍ਰਿਸ਼ਟੀਕੋਣ ਬਦਲ ਜਾਂਦਾ ਹੈ। ਉਹ ਆਪਣੀ ਰੂਮਮੇਟ ਸਮਾਂਥਾ ਨਾਲ ਨਿਡਰਤਾ ਅਤੇ ਹਿੰਮਤ ਸੰਬੰਧੀ ਆਪਣੇ ਵਿਚਾਰ ਸਾਂਝੇ ਕਰਦੀ ਹੋਈ ਉਸ ਪਾਰਕ ਵਿੱਚੋਂ ਲੰਘਣ ਦਾ ਫ਼ੈਸਲਾ ਕਰਦੀ ਹੈ, ਜਿਸ ਵਿੱਚੋਂ ਕਲੱਬ ਜਾਂਦੇ ਸਮੇਂ ਉਹ ਪਹਿਲਾਂ ਡਰਦੀ ਸੀ। ਕਹਾਣੀਕਾਰ ਇਸ ਤਬਦੀਲੀ ਰਾਹੀਂ ਇਹ ਦਰਸਾਉਂਦਾ ਹੈ ਕਿ ਹਿੰਮਤ ਦਾ ਅਰਥ ਡਰ ਦੀ ਗੈਰ-ਮੌਜੂਦਗੀ ਨਹੀਂ ਹੈ ਬਲਕਿ ਡਰ ਦੇ ਬਾਵਜੂਦ ਉਸ ਦਾ ਸਾਹਮਣਾ ਕਰਨ ਦੀ ਸਮਰੱਥਾ ਪੈਦਾ ਕਰਨਾ ਹੈ।

ਨਿਰਸੰਦੇਹ ਜਿੰਦਰ ਦੀ ਕਹਾਣੀ ‘ਸੇਫ਼ਟੀ ਕਿੱਟ’ ਸਮਕਾਲੀ ਸਮਾਜ ਦੀ ਉਸ ਯਥਾਰਥਵਾਦੀ ਤਸਵੀਰ ਨੂੰ ਪੇਸ਼ ਕਰਦੀ ਹੈ, ਜਿਸ ਵਿੱਚ ਔਰਤ ਨੂੰ ਡਰ ਅਤੇ ਅਸੁਰੱਖਿਆ ਦੀ ਮਨੋਵਿਰਤੀ ਤੋਂ ਉੱਪਰ ਉੱਠ ਕੇ ਚੇਤਨ, ਸੁਚੇਤ ਅਤੇ ਵਿਵੇਕਸ਼ੀਲ ਦ੍ਰਿਸ਼ਟੀ ਨਾਲ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਕਹਾਣੀ ਪ੍ਰਵਾਸੀ ਜੀਵਨ ਨਾਲ ਜੁੜੇ ਪੰਜਾਬੀਆਂ ਦੀ ਮਾਨਸਿਕਤਾ, ਵਿਹਾਰ ਅਤੇ ਆਪਸੀ ਸੰਬੰਧਾਂ ਦੇ ਵੱਖ-ਵੱਖ ਪੱਖਾਂ ਨੂੰ ਵੀ ਉਜਾਗਰ ਕਰਦੀ ਹੈ। ਕਹਾਣੀ ਦਾ ਕੇਂਦਰੀ ਸੰਦੇਸ਼ ਇਹ ਹੈ ਕਿ ਡਰ ਨੂੰ ਆਪਣੀ ਹੋਂਦ ਦੀ ਸੀਮਾ ਬਣਾਉਣ ਦੀ ਥਾਂ ਸਹੀ ਜਾਣਕਾਰੀ, ਚੇਤਨਾ, ਮਨੁੱਖੀ ਸਾਂਝ ਅਤੇ ਸੰਵੇਦਨਸ਼ੀਲ ਸਾਥ ਰਾਹੀਂ ਉਸ ਤੋਂ ਉੱਪਰ ਉੱਠਿਆ ਜਾ ਸਕਦਾ ਹੈ। ਇਸ ਤਰ੍ਹਾਂ ਜਿੰਦਰ ਦੀ ‘ਸੇਫ਼ਟੀ ਕਿੱਟ’ ਔਰਤ ਦੀ ਭੌਤਿਕ ਸੁਰੱਖਿਆ ਦੇ ਨਾਲ-ਨਾਲ ਮਾਨਸਿਕ, ਸਮਾਜਿਕ ਅਤੇ ਮਨੁੱਖੀ ਸੰਵੇਦਨਾ ਦੇ ਪੱਧਰ ’ਤੇ ਵੀ ਪਰਿਭਾਸ਼ਿਤ ਕਰਦੀ ਹੈ ਅਤੇ ਔਰਤ ਨੂੰ ਡਰ ਦੀ ਨਿਸ਼ਕਿਰਿਆ ਅਵਸਥਾ ਤੋਂ ਕੱਢ ਕੇ ਆਪਣੇ ਭਵਿੱਖ ਦੀ ਨਿਰਮਾਤਾ ਬਣਨ ਵੱਲ ਅਗਰਸਰ ਹੋਣ ਦਾ ਜੀਵਨ-ਮੁਖੀ ਸੰਦੇਸ਼ ਦਿੰਦੀ ਹੈ।

## 2.0 ਹਵਾਲੇ ਅਤੇ ਟਿੱਪਣੀਆਂ

1. ਡਾ. ਕੁਲਦੀਪ ਸਿੰਘ(ਸੰਪਾ), ਜਿੰਦਰ ਦੀਆਂ ਚੋਣਵੀਆਂ ਕਹਾਣੀਆਂ, ਸੰਗਮ ਪਬਲੀਕੇਸ਼ਨ, ਸਮਾਨਾ, 2026, ਪੰਨਾ ਨੰ 10
2. ਉਹੀ, ਪੰਨਾ ਨੰ 138
3. ਉਹੀ, ਪੰਨਾ ਨੰ 141
4. ਉਹੀ, ਪੰਨਾ ਨੰ 143

5. ਉਹੀ, ਪੰਨਾ ਨੰ 143
6. ਉਹੀ, ਪੰਨਾ ਨੰ 145
7. ਉਹੀ, ਪੰਨਾ ਨੰ 143
8. ਉਹੀ, ਪੰਨਾ ਨੰ 144
9. ਉਹੀ, ਪੰਨਾ ਨੰ 146
10. ਜਸਪਾਲ ਘਈ ( ਲਿੱਪੀਅੰਤਰ ਤੇ ਸੰਪਾ), ਯਾਰ ਕਲੀਮਾ ( ਤਜਮਲ ਕਲੀਮ ਦੀ ਸਮੁੱਚੀ ਸ਼ਾਇਰੀ), ਨਿਊ ਬੁੱਕ ਕੰਪਨੀ, ਜਲੰਧਰ, ਪੰਨਾ ਨੰ 37
11. ਉਹੀ, ਪੰਨਾ ਨੰ 93
12. ਡਾ. ਕੁਲਦੀਪ ਸਿੰਘ(ਸੰਪਾ), ਜਿੰਦਰ ਦੀਆਂ ਚੋਣਵੀਆਂ ਕਹਾਣੀਆਂ, ਪੰਨਾ ਨੰ 152
13. ਜਿੰਦਰ (ਸੰਪਾ), ਸ਼ਬਦ (ਅੰਕ 115), ਸੰਗਮ ਪਬਲੀਕੇਸ਼ਨਜ਼, ਸਮਾਣਾ, ਜੁਲਾਈ-ਸੰਤਬਰ, 2026, ਪੰਨਾ ਨੰ 154
14. ਡਾ. ਕੁਲਦੀਪ ਸਿੰਘ(ਸੰਪਾ), ਜਿੰਦਰ ਦੀਆਂ ਚੋਣਵੀਆਂ ਕਹਾਣੀਆਂ, ਪੰਨਾ ਨੰ 151
15. ਉਹੀ, ਪੰਨਾ ਨੰ 153
16. ਉਹੀ, ਪੰਨਾ ਨੰ 153